# ਕਾਮਾਗਾਟਾਮਾਰੂ ਕਾਂਡ

ਮਲਵਿੰਦਰ ਜੀਤ ਸਿੰਘ ਵੜੈਚ*

ਕੈਨੇਡਾ ਵਰਗੇ ਦੂਰ ਦੁਰਾਡੇ ਤੇ ਦੁਨੀਆਂ ਦੀ ਇਕ ਨੁਕਰੇ ਸਥਿਤ ਦੇਸ਼ ਬਾਰੇ ਸਾਡੇ ਪੰਜਾਬੀ ਭਰਾਵਾਂ ਨੂੰ ਕਿਵੇਂ ਸੁਪਨਾ ਆਇਆ ਕਿ ਉਥੇ ਜਾ ਰਹੀਏ ਜਾਂ ਉਥੇ ਵਸ ਕੇ ਖੁਸ਼ਹਾਲ ਬਣੀਏ? ਇਸ ਵਿਦੇਸ਼ੀ ਪ੍ਰਵਾਸ ਦਾ ਮੁੱਢ ਬੱਝਿਆ 1897 ਦੌਰਾਨ, ਜਦੋਂ ਫੌਜੀ ਰਸਾਲੇ ਤੇ ਇਨਫੈਂਟਰੀ ਦੀਆਂ ਦੋ ਸਿੱਖ ਪਲਟਣਾ ਜੋ ਇੰਗਲੈਂਡ ਵਿਖੇ ਮਲਕਾ ਵਿਕਟੋਰੀਆ ਦੀ ਡਾਇਮੰਡ (Diomond) ਭਾਵ 60ਵੀਂ ਸਾਲ੍ਹਗਿਰਾਹ ਦੇ ਜਸ਼ਨਾਂ ਵਿੱਚ ਸ਼ਮੂਲੀਅਤ ਕਰਕੇ ਵਾਪਸ ਪਰਤੀਆਂ ਸਨ। ਪਤਾ ਨਹੀਂ ਕਿਸ ਕਾਰਨ ਇਹਨਾਂ ਫੌਜੀਆਂ ਨੂੰ ਕੈਨੇਡਾ ਦੇ ਲੰਮੇ ਟੇਡੇ ਰਸਤੇ ਰਾਹੀਂ ਵਾਪਸ ਭੇਜਿਆ ਗਿਆ, ਇਥੇ ਹੀ ਬਸ ਨਹੀਂ ਇਹਨਾਂ ਨੂੰ ਸਮੁੰਦਰੀ ਜਹਾਜ਼ ਰਾਹੀਂ ਕੈਨੇਡਾ ਦੇ ਪੂਰਬੀ ਤੱਟ ਤੇ ਉਤਾਰ ਕੇ ਫਿਰ ਰੇਲ ਗੱਡੀ ਰਾਹੀਂ ਪੱਛਮੀ ਸਾਹਿਲ ਪੁਚਾ ਕੇ, ਉਥੋਂ ਸਮੁੰਦਰੀ ਜਹਾਜ਼ ਰਾਹੀਂ ਹਿੰਦੋਸਤਾਨ ਭੇਜਿਆ ਗਿਆ, ਜਦੋਂ ਇਹਨਾਂ ਨੂੰ ਉਥੋਂ ਦੀ ਵਿਸ਼ਾਲ ਧਰਤੀ ਨਜ਼ਰ ਆਈ ਤਾਂ ਇਹਨਾਂ ਵਿੱਚੋਂ ਕਈਆਂ ਦੇ ਮਨ ਡੋਲ ਗਏ। ਸਮੁੰਦਰ ਪਾਰ ਜਾਣਾ ਅਤੇ ਦੂਰ ਦੁਰਾਡੇ ਲੜਾਈਆਂ ਵਿੱਚ ਹਿੱਸਾ ਲੈਣਾਂ ਤਾਂ ਇਹਨਾਂ ਦਾ ਕਿੱਤਾ ਪਹਿਲਾਂ ਤੋਂ ਹੀ ਸੀ—ਮੁਕਦੀ ਗੱਲ ਇਹਨਾਂ ਵਿੱਚੋਂ ਕੁਝ ਕੁ ਤਾਂ ਨੌਕਰੀ ਛੱਡ ਕੇ ਉਥੇ ਹੀ ਟਿਕ ਗਏ ਅਤੇ 1900 ਤੱਕ 100 ਦੇ ਲਗਭਗ ਪੰਜਾਬੀ ਵੈਨਕੂਵਰ ਜਾ ਟਿਕੇ ਸਨ। 1908 ਵਿੱਚ ਇਹਨਾਂ ਦੀ ਗਿਣਤੀ ਕਾਫੀ ਵਧ ਜਾਣ ਕਰਕੇ ਵੈਨਕੂਵਰ ਵਿਖੇ ਖਾਲਸਾ ਦੀਵਨ ਸੋਸਾਇਟੀ ਦੀ ਸਥਾਪਨਾ ਕੀਤੀ ਗਈ ਕਿ ਇਹ ਹਰ ਐਤਵਾਰ ਦਿਵਾਨ ਸਜਾਉਂਦੇ ਅਤੇ ਆਪਣੇ ਹਾਲਾਤ ਬਾਰੇ ਵਿਚਾਰਾਂ ਵੀ ਕਰਦੇ। ਜ਼ਿਕਰਯੋਗ ਹੈ ਕਿ ਕੈਨੇਡਾ ਅਤੇ ਅਮਰੀਕਾ ਦੋਹਾਂ ਦੇ ਪੱਛਮੀ ਸਾਹਿਲ ਵਾਲੇ ਇਲਾਕੇ ਸਾਡੇ ਲੋਕਾਂ ਦਾ ਟਿਕਾਣਾ ਹੋ ਨਿਬੜੇ, ਕਿਉਂਕਿ ਇਹਨਾਂ ਵਿੱਚ ਮੌਸਮ ਲਗਭਗ ਪੰਜਾਬ ਵਰਗਾ ਹੀ ਹੁੰਦਾ ਹੈ। ਕੈਨੇਡਾ ਸਰਕਾਰ ਦੇ ਲੇਬਰ ਕਮਿਸ਼ਨਰ ਦੇ ਜੁਟਾਏ ਅੰਕੜਿਆਂ ਅਨੁਸਾਰ 1904, 5, 6 ਅਤੇ 7 ਦੌਰਾਨ ਕ੍ਰਮਵਾਰ 45, 385, 2125 ਤੇ 2623 ਹਿੰਦੋਸਤਾਨੀ ਕੈਨੇਡਾ ਆਏ। 9 ਮਈ 1907 ਪਿੱਛੋਂ ਦਾਖਲੇ ’ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਤੇ ਜਿਥੋਂ ਘੋਲ ਬੱਝਦਾ ਹੈ ਇਸ ਨਸਲੀ ਵਿਤਕਰੇ ਵਿਰੁੱਧ ਘੋਲ ਦਾ, ਜਿਸਦਾ ਪ੍ਰਤੀਕ ਹੈ ਕਾਮਾਗਾਟਾ ਮਾਰੂ।

9 ਮਈ 1907 ਨੂੰ ਪ੍ਰੀਵੀ (Privy Council) ਨੇ ਹੇਠ ਲਿਖਿਆ ਆਰਡਰ ਨਬਰ 920 ਜਾਰੀ ਕੀਤਾ—

“ਅੱਜ ਦੀ ਤਾਰੀਖ ਤੋਂ ਅਤੇ ਇਸ ਤੋਂ ਪਿੱਛੋਂ ਕੈਨੇਡਾ ਵਿੱਚ ਨਵੇਂ ਆਉਣ ਵਾਲੇ ਸਿਰਫ ਉਹੀ ਜਹਾਜ਼ ਉਤਰ ਸਕਣਗੇ, ਜੋ ਆਪਣੇ ਮੁਲਕ ਜਿਸ ਦੇ ਉਹ ਅਸਲੀ ਬਸ਼ਿੰਦੇ ਅਤੇ ਸ਼ਹਿਰੀ ਹਨ ਤੇ ਨਿਰੰਤਰ ਸਫਰ ਰਾਹੀਂ ਕੈਨੇਡਾ ਆਉਣਗੇ। ਉਹਨਾਂ ਟਿਕਟਾਂ ’ਤੇ ਜੋ ਕੈਨੇਡਾ ਲਈ ਸਿੱਧੀਆਂ ਸਫਰ ਦੀ ਸਮਾਪਤੀ ਤੱਕ ਖਰੀਦੀਆਂ ਹੋਣ।”

ਚੂੰਕਿ ਹਿੰਦ ਤੋਂ ਸਿੱਧੇ ਜਹਾਜ਼ ਕੈਨੇਡਾ ਨਹੀਂ ਸੀ ਜਾਂਦੇ ਇਸ ਵਾਸਤੇ ਇਸ ਹੁਕਮ ਦਾ ਨਤੀਜਾ ਇਹ ਨਿਕਲਿਆ ਕਿ ਹਿੰਦੀਆਂ ਦਾ ਉਥੇ ਦਾਖਲਾ ਬਿਲਕੁਲ ਬੰਦ ਹੋ ਗਿਆ। ਜਿਵੇਂ 1911 ਦੌਰਾਨ 11,932 ਚੀਨੇ ਤੇ 3986 ਜਾਪਾਨੀ ਦਾਖਲ ਹੋਏ, ਪਰ ਇਸ ਦੌਰਾਨ ਕੇਵਲ ਇਕ ਹਿੰਦੀ ਨੂੰ ਹੀ ਕੈਨੇਡਾ ਉਤਰਨ ਦਿੱਤਾ ਗਿਆ। ਅਸਿੱਧੇ ਰੂਪ ਵਿੱਚ ਇਹ ਹਿੰਦੋਸਤਾਨੀਆਂ ਲਈ ਦਾਖਲਾ ਰੋਕੂ ਕਦਮ ਸੀ।

**ਏਸ਼ੀਆਈ ਮਾੜੇ ਹਿੰਦੀ ਘਟੀਆ**

ਕੈਨੇਡਾ ਦੇ ਗੋਰੇ ਹਾਕਮ ਅੰਗਰੇਜ਼ ਹੋਣ ਦੇ ਨਾਤੇ ਉਥੋਂ ਦੇ ਮੂਲ ਵਾਸੀਆਂ ਦਾ ਘਾਣ ਕਰਕੇ ਇਥੇ ਕਾਬਜ਼ ਹੋਏ ਸਨ, ਉਹ ਕਾਲੇ ਲੋਕਾਂ ਦੇ ਆਗਮਨ ’ਤੇ ਅਤੇ ਫਿਰ ਉਹਨਾਂ ਦੇ ਇਥੇ ਰਹਿ ਕੇ ਆਪਣੀ ਮਿਹਨਤ, ਸਿਰੜ ਤੇ ਯੋਗਤਾ ਦ ਬਲਬੂਤੇ ਚੰਗਾ ਸਥਾਨ ਬਣਾ ਲੈਣ ਨੂੰ ਭਲਾ ਕਿਵੇਂ ਸਹਿਣ ਕਰ ਸਕਦੇ ਸਨ। ਇੰਗਲੈਂਡ ਦੀ ਗੋਰੀ ਸਰਕਾਰ ਨੇ, ਜੋ ਹਿੰਦੋਸਤਾਨੀਆਂ ਦੀ ਰਖਵਾਲੀ ਦੇ ਦਮਗਜੇ ਮਾਰਦੀ ਸਾਹ ਨਹੀਂ ਸੀ ਲੈਂਦੀ ਨਾ ਸਿਰਫ ਮੂਕ ਦਰਸ਼ਕ ਹੀ ਬਣੀ ਰਹੀ ਬਲਕਿ ਗੋਰੀ ਚਮੜੀ ਵਾਲਿਆਂ ਦੀ ਖੁੱਲ੍ਹ ਕੇ ਤੇ ਡਟ ਕੇ ਹਮਾਇਤ ਕੀਤੀ। ਇਸ ਘਿਨਾਉਣੇ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਇਕ ਏਸ਼ੀਅਨ ਐਕਸ਼ਕਲਿਊਸ਼ਨ ਲੀਗ (Asian Exclution leaghe) ਦੀ ਸਥਾਪਨਾ ਕੀਤੀ ਗਈ, ਜਿਸ ਦਾ ਨਾਂਅ ਹੀ ਜ਼ਾਹਿਰ ਕਰਦਾ ਹੈ ਕਿ ਇਸ ਨੇ ਏਸ਼ੀਆਈ ਲੋਕਾਂ ਨੂੰ ਬਾਹਰ ਰੱਖਣਾ ਹੈ।

---

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਦੂਜੇ ਪਾਸੇ ਇਹਨਾਂ ਵਿਤਕਰੇ ਵਾਚਕ ਨੀਤੀਆਂ ਦਾ ਟਾਕਰਾ ਕਰਨ ਲਈ 1909-10 ਦੌਰਾਨ ਜਤਨ ਕੀਤੇ ਜਾਣ ਲੱਗੇ, ਜਿਸ ਮੌਕੇ "ਹਿੰਦੋਸਤਾਨੀ ਐਸੋਸਏਸ਼ਨ ਆਫ ਵੈਨਕੂਵਰ" ਦਾ ਗਠਨ ਵੀ ਹੋਇਆ ਸੀ। ਚੂੰਕਿ ਮੁੱਦਾ ਮੂਲ ਰੂਪ ਵਿੱਚ ਕਨੂੰਨੀ ਅਤੇ ਸੰਵਿਧਾਨਕ ਸੀ, ਇਸ ਲਈ ਸੁਭਾਵਕ ਹੀ ਸੀ ਕਿ ਪਹਿਲੋਂ ਇੱਕ ਪਾਸੇ ਤਾਂ ਸਰਕਾਰੀ ਸੰਪਰਦਾਵਾਂ ਨੂੰ ਪਹੁੰਚ ਕਰਕੇ ਆਪਣਾ ਪੱਖ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਜਾਏ ਨਾਲੇ ਇੰਗਲੈਂਡ ਤੇ ਹਿੰਦੋਸਤਾਨ ਵਿੱਚ ਲੋਕ ਰਾਏ ਲਾਮਬੰਦ ਕੀਤੀ ਜਾਏ। ਤਦ ਲੋੜ ਅਨੁਸਾਰ ਦੋ ਆਰੰਭਕ ਕਦਮ ਉਠਾਉਣ ਦਾ ਫੈਸਲਾ ਲਿਆ ਗਿਆ।

(ੳ) ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਜੋ ਉਸ, ਵੇਲੇ ਕੈਨੇਡਾ ਵਾਸੀਆਂ ਦੇ ਹਿੱਤਾਂ ਦੀ ਜਾਮਨ ਸੀ। ਭਾਈ ਭਾਗ ਸਿੰਘ (ਭਿਖੀ ਵਿੰਡ-ਅੰਮ੍ਰਿਤਸਰ) ਤੇ ਭਾਈ ਬਲਵੰਤ ਸਿੰਘ (ਖੁਰਦਪੁਰ-ਜਲੰਧਰ) ਆਪਣੇ ਪਰਿਵਾਰਾਂ ਨੂੰ ਹਿੰਦੋਸਤਾਨ ਲੈਣ ਲਈ ਭੇਜੇ ਗਏ ਤਾਂ ਕਿ ਏਸ ਧੱਕੇਸ਼ਾਹੀ ਦੀ ਪੋਲ ਖੋਲ੍ਹੀ ਜਾਵੇ। ਇਹ ਦੋਵੇਂ ਆਗੂ ਆਪਣੇ ਆਪਣੇ ਪਰਿਵਾਰਾਂ ਸਮੇਤ 11 ਦਸੰਬਰ 1911 ਨੂੰ ਵੈਨਕੂਵਰ ਪਹੁੰਚੇ। ਇਤਫਾਕ ਨਾਲ ਇਹ ਉਹੀ ਤਾਰੀਖ਼ ਸੀ, ਜਿਸ ਦਿਨ ਕੈਨੇਡਾ ਦੇ ਸਬੰਧਤ ਵਜ਼ੀਰ ਨੇ ਹਿੰਦੀ ਡੈਪੂਟੇਸ਼ਨ ਨੂੰ ਭਰੋਸਾ ਦਿੱਤਾ ਸੀ ਕਿ ਅਸੀਂ ਇਥੇ ਆ ਚੁੱਕੇ ਹਿੰਦੀਆਂ ਦੇ ਪਰਿਵਾਰਾਂ ਨੂੰ ਇਥੇ ਲਿਆ ਸਕਣ ਦੀ ਖੁੱਲ੍ਹ ਦੇਣ ਬਾਰੇ ਸੁਹਿਰਦਤਾ ਨਾਲ ਵਿਚਾਰ ਕਰ ਰਹੇ ਹਾਂ। ਪਰ ਇਹ ਕੇਵਲ ਛਲਾਵਾ ਹੀ ਸਾਬਤ ਹੋਇਆ, ਕਿਉਂਕਿ ਇਹਨਾਂ ਪਰਿਵਾਰਾਂ ਨੂੰ ਜਹਾਜ਼ੋਂ ਉਤਰਨ ਤਾ ਦਿੱਤਾ ਗਿਆ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਵਾਲਾਤ ਵਿੱਚ ਬੰਦ ਕਰ ਦਿੱਤਾ। ਇਸ ਮੁੱਦੇ 'ਤੇ ਕੈਨੇਡਾ ਸਰਕਾਰ ਦਾ ਮੱਤ ਸੀ ਕਿ ਜੇ ਇਹਨਾਂ ਹਿੰਦੀਆਂ ਨੂੰ ਪਰਿਵਾਰ ਲਿਆਉਣ ਦੀ ਆਗਿਆ ਦੇ ਦਿੱਤੀ ਗਈ ਤਾਂ ਔਸਤਨ ਇਕ ਪਰਿਵਾਰ ਦੇ ਪੰਜ ਮੈਂਬਰ ਹੁੰਦਿਆਂ ਹਜ਼ਾਰਾਂ ਹੀ ਵਿਅਕਤੀ ਪ੍ਰਵੇਸ਼ ਕਰ ਜਾਣਗੇ।

(ਅ) ਦੂਜੇ ਨੰਬਰ 'ਤੇ ਖਾਲਸਾ ਦੀਵਾਨ ਸੁਸਾਇਟੀ ਤੇ ਯੂਨਾਈਟਿਡ ਲੀਗ ਆਫ ਇੰਡੀਆ ਵੱਲੋਂ ਸਾਂਝੇ ਤੌਰ 'ਤੇ ਕੈਨੇਡੀਅਨ ਸਰਕਾਰ ਕੋਲ ਡੈਪੂਟੇਸ਼ਨ ਭੇਜਿਆ ਗਿਆ ਜਿਸ ਵਿੱਚ ਮਾਲਵੇ ਤੋਂ ਪ੍ਰੋ. ਤੇਜਾ ਸਿੰਘ (ਜੋ ਪਿੱਛੋਂ ਜਾ ਕੇ "ਮਸਤੂਆਣੇ ਵਾਲੇ" ਕਰਕੇ ਪ੍ਰਸਿੱਧ ਹੋਏ, ਭਾਈ ਰਾਜਾ ਸਿੰਘ, ਡਾ. ਸੁੰਦਰ ਸਿੰਘ ਤੇ ਆਦਰਯੋਗ ਆਈ.ਡਬਲਯੂ.ਹਾਲ ਸ਼ਾਮਲ ਸਨ, ਜਿਨ੍ਹਾਂ ਇੱਕ ਲਿਖਤੀ ਯਾਦ ਪੱਤਰ ਰਾਹੀਂ ਆਪਣਾ ਪੱਖ ਪ੍ਰਸਤੁਤ ਕੀਤਾ।

ਇਹਨਾਂ ਨੂੰ ਪਰਿਵਾਰਾਂ ਦੇ ਲਿਆਉਣ ਦੀ ਇਜਾਜ਼ਤ ਦੇ ਦੇਣ ਦਾ ਲਾਰਾ ਤਾਂ ਲਾ ਦਿੱਤਾ ਗਿਆ, ਪਰ "ਸਿਧੇ ਸਫਰ" ਵਾਲੀ ਸ਼ਰਤ 'ਤੇ ਕਿਸੇ ਕਿਸਮ ਦੀ ਪੁਨਰ-ਵਿਚਾਰ ਦੀ ਸੰਭਾਵਨਾਂ ਨੂੰ ਮੂਲੋਂ ਹੀ ਖਾਰਜ ਕਰ ਦਿੱਤਾ। ਹਾਲਾਂਕਿ ਅਮਲੀ ਤੌਰ 'ਤੇ ਪਰਿਵਾਰਾਂ ਦੇ ਮਾਮਲੇ ਵਿੱਚ ਵੀ "ਪਰਨਾਲਾ ਉਥੇ ਦਾ ਉਥੇ" ਹੀ ਰਿਹਾ।

ਕੈਨੇਡੀਅਨ ਸਰਕਾਰ ਨੇ ਆਪਣੇ ਸਟੈਂਡ ਦਾ ਇਹ ਕਹਿੰਦਿਆਂ ਪੱਖ ਪੂਰਿਆ ਕਿ "ਜੇ ਅਸੀਂ ਹਿੰਦੀਆਂ ਨੂੰ ਨਾਂਹ ਕਰ ਰਹੇ ਹਾਂ ਤਾਂ ਸਾਨੂੰ ਕੋਈ ਵੀ ਅਜਿਹਾ ਕਰਨੋਂ ਨਹੀਂ ਵਰਜ ਸਕਦਾ, ਕਿਉਂਕਿ ਅਸੀਂ ਕੇਵਲ ਆਪਣੀ ਪਾਰਲੀਮੈਂਟ ਦੇ ਹੀ ਜਵਾਬਦੇਹ ਹਾਂ।"

ਕੈਨੇਡੀਅਨ ਸਰਕਾਰ ਤੋਂ ਨਿਰਾਸ਼ ਹੋ ਕੇ ਇੰਗਲੈਂਡ ਦੀ ਸਰਕਾਰ ਕੋਲ ਫਰਯਾਦ ਕਰਨ ਲਈ ਮਾਰਚ 1913 ਵਿੱਚ ਇਕ ਵਫਦ ਰਾਹੀਂ, ਜਿਸ ਵਿੱਚ ਭਾਈ ਬਲਵੰਤ ਸਿੰਘ, ਭਾਈ ਨਾਰਾਇਣ ਸਿੰਘ ਤੇ ਭਾਈ ਨੰਦ ਸਿੰਘ ਸੀਹਰਾ ਸ਼ਾਮਲ ਸਨ ਗਏ। ਇੰਗਲੈਂਡ ਦੀ ਸਰਕਾਰ ਤੋਂ ਇਲਾਵਾ ਉਥੋਂ ਦੀ ਆਮ ਜਨਤਾ ਤੱਕ ਪਹੁੰਚ ਕੀਤੀ ਗਈ। ਸਰਕਾਰੀ ਪੱਧਰ 'ਤੇ ਤਾਂ ਲੈ ਦੇ ਕੇ ਨੌਂ ਆਬਾਦੀਆਂ ਦੇ ਮੰਤਰੀ ਦਾ ਕੇਵਲ ਏ.ਡੀ.ਸੀ. ਹੀ ਮਿਲਣ ਲਈ ਬਹੁੜਿਆ। ਸਰਕਾਰੇ ਆਹਲਾ ਦਾ ਦੋ ਟੁੱਕ ਜਵਾਬ ਸੀ ਕਿ "ਅਸੀਂ ਇਸ ਮਾਮਲੇ ਵਿੱਚ ਦਖਲ ਦੇਣ ਤੋਂ ਅਸਮਰੱਥ ਹਾਂ ਕਿਉਂਕਿ ਇਹ ਮਾਮਲਾ ਸਰਕਾਰੇ ਹਿੰਦ ਅਤੇ ਸਰਕਾਰੇ ਹਿੰਦੋਸਤਾਨ ਨਾਲ ਸੰਬੰਧਤ ਹੈ।" (ਜਿਵੇਂ ਕਿ ਸਰਕਾਰੇ ਹਿੰਦ ਦੀ ਕੋਈ ਆਜ਼ਾਦ ਹੋਂਦ ਹੋਵੇ) ਇਹ 4 ਮਈ 1913 ਦੀ ਗੱਲ ਹੈ। ਹਿੰਦੀ ਵਫਦ ਨੇ 14 ਮਈ 1913 ਨੂੰ ਲੰਡਨ ਦੇ ਪ੍ਰਸਿੱਧ ਕੈਕਸ਼ਟਨ (Caxton) ਹਾਲ ਵਿਖੇ ਇਕ ਸਮਾਗਮ ਵਿੱਚ ਆਮ ਜਨਤਾ ਦੇ ਸਾਹਮਣੇ ਵੀ ਆਪਣਾ ਪੱਖ ਪੇਸ਼ ਕੀਤਾ।

**ਵਫਦ ਹਿਦੋਸਤਾਨ ਪਹੁੰਚਿਆ**

ਲਾਹੌਰ, ਬਰਾਡਲਾਹਾਲ ਵਿਖੇ 4 ਅਗਸਤ 1911 ਨੂੰ ਜਲਸਾ ਕੀਤਾ, ਜਿਸਵਿੱਚ ਕਈ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਨੇ ਵਫਦ ਨੂੰ ਭਰਪੂਰ ਹੁੰਗਾਰਾ ਦਿੱਤਾ। ਇਹ ਵਫਦ ਪੰਜਾਬ ਦੇ (ਬਦਨਾਮ) ਗਵਰਨਰ ਮਾਈਕਲ-ਉਡਵਾਇਰ ਨੂੰ ਵੀ ਮਿਲਿਆ, ਜਿਸ ਨੇ ਆਪਣੀ ਪੁਸਤਕ "ਜਿਵੇਂ ਮੈਂ ਹਿੰਦ ਨੂੰ ਜਾਣਿਆ"– 1885-1925 ਵਿੱਚ ਇਸ ਬਾਰੇ ਇੰਜ ਲਿਖਿਆ।

"1913 ਦੀਆਂ ਗਰਮੀਆਂ ਵਿੱਚ ਤਿੰਨ ਸਿੱਖ ਜੋ ਕੈਨੇਡਾ ਤੋਂ ਆਏ ਸਨ, ਵਫਦ ਦੇ ਰੂਪ ਵਿੱਚ ਪੰਜਾਬ ਆਏ ਅਸਲ ਵਿੱਚ ਉਹ ਗਦਰ ਪਾਰਟੀ ਦੇ ਹੀ ਏਜੰਟ ਸਨ, ਭਾਵੇਂ ਕਿ ਉਸ ਵੇਲੇ ਤੱਕ ਸਾਨੂੰ ਇਸ ਪਾਰਟੀ ਦੀ ਹੋਂਦ ਬਾਰੇ ਜਾਣਕਾਰੀ ਉਪਲਬਧ ਨਹੀਂ ਸੀ।"

"ਦਿਖਾਵੇ ਮਾਤਰ ਤਾਂ ਉਨ੍ਹਾਂ ਦਾ ਉਦੇਸ਼ ਕੈਨੇਡਾ ਰਹਿੰਦੇ ਹਿੰਦੀਆਂ ਦੀਆਂ ਔਕੜਾਂ ਬਾਰੇ ਆਮ ਲੋਕਾਂ ਨੂੰ ਜਾਗਰੂਕ ਕਰਨਾ ਸੀ, ਜਿਸ ਲਈ ਉਹਨਾਂ ਨੇ ਪੂਰੇ ਪੰਜਾਬ ਵਿੱਚ ਬੈਠਕਾਂ ਕੀਤੀਆਂ। ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਉਹ ਲੋਕੀ ਵੀ ਸ਼ਾਮਲ ਹੋਏ, ਜਿਨ੍ਹਾਂ ਦੀ ਸਰਕਾਰ ਪ੍ਰਤੀ ਵਫਾਦਾਰੀ ਰੱਤੀ ਭਰ ਵੀ ਸ਼ੱਕ ਨਹੀਂ ਕੀਤਾ ਜਾ ਸਕਦਾ ਪਰ, ਕਰਦੇ ਕਰਾਉਂਦਿਆਂ ਇਹਨਾਂ ਇਕੱਠਾਂ ਦਾ ਸੁਰ ਤਾਲ ਹੋਰ ਦਾ ਹੋਰ ਅਖਤਿਆਰ ਕਰ ਗਿਆ ਅਤੇ ਕੈਨੇਡੀ ਵਸੇਬੇ ਦੇ ਮੁੱਦੇ 'ਤੇ ਤਰਕ ਦਲੀਲ ਨੂੰ ਤਿਲਾਂਜਲੀ ਦੇ ਕੇ ਭੜਕਾਊ ਤੇ ਉਕਸਾਊ ਪ੍ਰਚਾਰ ਹੋਣ ਲੱਗ ਪਿਆ।" "ਇਸ ਪੜਾਅ ਤੇ ਮੈਂ ਉਪਰੋਕਤ ਵਫਦ ਵਾਲਿਆਂ ਨੂੰ ਚਿਤਾਵਨੀ ਵਜੋਂ ਸਪੱਸ਼ਟ ਕੀਤਾ ਕਿ ਜੇ ਉਹਨਾਂ ਨੇ ਅਜਿਹਾ ਕਰਨਾ ਜਾਰੀ ਰੱਖਿਆ ਤਾਂ ਮੈਨੂੰ ਕਠੋਰ ਕਦਮ ਚੁੱਕਣੇ ਹੋ ਪੈਣਗੇ ।" (ਪੰਨਾ 191)

ਗਵਰਨਰ ਨੂੰ ਮਿਲਣ ਉਪਰੰਤ ਵਫਦ 20 ਦਸੰਬਰ 1913 ਨੂੰ ਵਾਇਸਰਾਏ ਹਿੰਦੂ ਨੂੰ ਵੀ ਮਿਲਿਆ ਅਤੇ ਯਾਦ ਪੱਤਰ ਪੇਸ਼ ਕੀਤਾ, ਜਿਸ ਦੇ ਪੈਰ੍ਹਾ ਨੰਬਰ 15 ਵਿੱਚ ਦਰਜ ਸੀ ਕਿ "......ਜਿਥੇ ਕਿ ਚੀਨੀਆਂ ਤੇ ਜਾਪਾਨੀਆਂ ਨੂੰ ਕੈਨੇਡਾ ਨਿਵਾਸ ਦੌਰਾਨ ਨੀਮ-ਨਾਗਰਿਕ ਵਜੋਂ ਲਿਖਤੀ ਰੂਪ ਵਿੱਚ ਪ੍ਰਵਾਨਗੀ ਮਿਲ ਜਾਂਦੀ ਹੈ, ਕਿਸੇ ਇਕ ਵੀ ਹਿੰਦੀ ਨੂੰ ਅਜਿਹੀ ਸਹੂਲਤ ਨਹੀਂ ਦਿੱਤੀ ਗਈ ਕਿਉਂਕਿ ਉਹਨਾਂ ਲਈ ਏਸ ਮੰਤਵ 'ਤੇ ਪਹੁੰਚਣ ਦਾ ਮਾਰਗ ਔਕੜਾਂ ਗੁੰਝਲਾਂ ਵਾਲਾ ਹੈ।"

21 ਜਨਵਰੀ 1914 ਨੂੰ ਵਾਇਸਰਾਏ ਸਾਹਿਬ ਬਹਾਦਰ ਨੇ ਏਸ ਮਾਮਲੇ ਵਿੱਚ ਦਖਲ ਦੇਣੋਂ ਸਾਫ ਇਨਕਾਰ ਕਰ ਦਿੱਤਾ ਤਾਂ ਫਿਰ ਵਫਦ ਲਈ ਇਕੋ ਇਕ ਵਿਕਲਪ ਲੋਕ ਰਾਏ ਲਾਮਬੰਦ ਕਰਨਾ ਹੀ ਰਹਿ ਗਿਆ ਸੀ।

ਪ੍ਰਦੇਸਾਂ ਵਿੱਚ ਉਲਝਣਾਂ, ਸਮੱਸਿਆਵਾਂ ਅਤੇ ਦੇਸ਼ ਵਿੱਚ ਵੀ ਵਿਦੇਸ਼ੀ ਸਰਕਾਰਾਂ ਦੀ ਗੁਲਾਮੀ ਵਿਰੁਧ ਕੈਨੇਡਾ-ਅਮਰੀਕਾ ਵਿੱਚ ਕੌਮੀ ਪੱਧਰ 'ਤੇ ਆਜ਼ਾਦੀ ਸੰਗਰਾਮ ਵਿੱਢ ਕੇ ਇਸ ਸਾਰੇ ਕਲੇਸ਼ ਭਰੇ ਨਜ਼ਾਮ ਦਾ ਮਲੀਆ ਮੇਟ ਕਰਨ ਖਾਤਰ ਗਦਰ ਪਾਰਟੀ ਕਾਇਮ ਕੀਤੀ ਗਈ, ਜਿਸ ਦੀ ਆਵਾਜ਼ ਹਿੰਦੀਆਂ ਤੱਕ ਪਹੁੰਚਾਉਣ ਲਈ ਪਹਿਲੀ ਨਵੰਬਰ 1913 ਨੂੰ "ਗਦਰ" ਅਖਬਾਰ ਦੀ ਪ੍ਰਕਾਸ਼ਨਾ ਵਿੱਢੀ ਗਈ।

ਕੁਲ ਮਿਲਾ ਕੇ ਕੈਨੇਡਾ ਵਿੱਚ ਦਾਖਲੇ ਦੇ ਸੰਘਰਸ਼ ਦੇ ਪ੍ਰਤੀਕ ਕਾਮਾਗਾਟਾਮਾਰੂ ਤੇ ਗਦਰ ਪਾਰਟੀ ਵਿਚਾਲੇ ਕੋਈ ਕਾਰਜ ਕਰਨ ਵਾਲਾ ਜੋੜ ਮੇਲ ਪ੍ਰਤੱਖ ਰੂਪ ਵਿੱਚ ਨਾ ਹੁੰਦੇ ਹੋਏ ਵੀ ਇਹਨਾਂ ਦਾ ਰਿਸ਼ਤਾ "ਏਕ ਜੋਤ ਦੋਏ ਮੂਰਤੀ" ਵਾਲਾ ਹੋ ਨਿਬੜਿਆ ਸੀ।

ਜ਼ਿਕਰਯੋਗ ਹੈ ਕਿ ਜਿਥੋਂ ਤੱਕ ਹਿੰਦੋਸਤਾਨ ਦੀ ਲੋਕ ਰਾਏ ਦਾ ਸਬੰਧ ਹੈ, ਗਦਰ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਤਾਂ ਕੋਈ ਵਿਰਲੇ ਟਾਂਵੇਂ ਹੀ ਹੋਣਗੇ, ਪਰ ਕਾਮਾਗਾਟਾਮਾਰੂ ਦੇ ਸਫਰ ਦੇ ਹਾਲਾਤ ਤੇ ਪਿੱਛੋਂ ਜਾ ਕੇ ਖਾਸ ਕਰਕੇ ਬਜ ਬਜ ਘਾਟ ਦੇ ਘੱਲੂਘਾਰੇ ਬਾਰੇ ਕਾਫੀ ਜਾਗਰੂਕਤਾ ਤੇ ਹਮਦਰਦੀ ਦੇਖੀ ਗਈ ਸੀ। ਕਈ ਸਰਕਾਰ ਪੱਖੀ ਵਫਾਦਾਰ ਵੀ ਇਸ ਮੁੱਦੇ ਤੇ ਹਾਂ ਪੱਖੀ ਨਜ਼ਰੀਏ ਦੇ ਧਾਰਨੀ ਸਨ। ਪ੍ਰਸਿੱਧ ਅੰਗਰੇਜ਼ੀ ਅਖਬਾਰ ਟ੍ਰਿਬਿਊਨ ਨੇ ਵੀ 30 ਅਪ੍ਰੈਲ 1914 ਵਾਲੇ ਕਾਮਾਗਾਟਾਮਾਰੂ ਜਹਾਜ਼ ਦੇ ਯਾਤਰੂਆਂ ਬਾਰੇ ਜਾਣਕਾਰੀ ਪੱਖ ਦੀ ਤਿੱਖੀ ਅਲੋਚਨਾ ਕਰਦਿਆਂ ਵਕਾਲਤ ਕੀਤੀ ਸੀ। ਉਧਰ "ਗਦਰ" ਪਰਚੇ ਨੇ ਖੁੱਲਮ ਖੁੱਲ੍ਹੇ ਵਿਦਰੋਹੀ ਪ੍ਰਚਾਰ ਸ਼ੁਰੂ ਕੀਤਾ

**"1857 ਨੂੰ 50 ਵਰ੍ਹੇ ਹੋ ਗਏ ਨੇ....ਇੱਕ ਹੋਰ ਵਿਦਰੋਹ ਲੋੜੀਂਦਾ ਹੈ। ਅੱਜ (5 ਅਗਸਤ 1914) ਅਸੀਂ ਐਲਾਨ-ਏ-ਜੰਗ ਕਰ ਦਿੱਤਾ ਹੈ।"**

ਸੋ ਜਦੋਂ ਕਾਮਾਗਾਟਾਮਾਰੂ ਆਪਣੀ ਮੰਜ਼ਿਲ ਵੱਲ ਜਾ ਰਿਹਾ ਸੀ ਤਾਂ ਗਦਰੀਆਂ ਨੇ ਮੌਕੇ ਦਾ ਫਾਇਦਾ ਉਠਾਉਂਦਿਆਂ ਜਦੋਂ ਜਹਾਜ਼ ਜਾਪਾਨ ਵਿੱਚ ਆ ਕੇ ਲੱਗਿਆ ਤਾਂ ਉਹਨਾਂ ਜਹਾਜ਼ ਦੇ ਮੁਸਾਫਰਾਂ ਨਾਲ ਸੰਪਰਕ ਕਾਇਮ ਕੀਤਾ। ਸਰਕਾਰੀ ਇਨਕੁਆਇਰੀ ਕਮੇਟੀ ਦੀ ਰਿਪੋਰਟ ਅਨੁਸਾਰ "ਗਦਰ ਪਰਚਾ ਪੂਰਬੀ ਏਸ਼ੀਆ ਅਤੇ ਹੋਰਨਾਂ ਦੇਸਾਂ ਵਿੱਚ ਵਿਸ਼ਾਲ ਪੱਧਰ 'ਤੇ ਵੰਡਿਆ ਜਾਂਦਾ ਹੈ ਤੇ ਲੱਗਦਾ ਹੈ ਕਿ ਇਹਨਾਂ (ਗਦਰੀਆਂ) ਰਾਹੀਂ ਹੀ ਮੁਸਾਫਰਾਂ ਦੇ ਦਿਲਾਂ ਵਿੱਚ ਸਰਕਾਰ ਵਿਰੋਧੀ ਭਾਵਨਾਵਾਂ ਉਭਾਰਨ ਲਈ ਜਹਾਜ਼ 'ਤੇ ਵੀ ਵੰਡਿਆ ਜਾਂਦਾ ਰਿਹਾ ਸੀ। ਇਹ ਵੀ ਸਾਬਤ ਹੁੰਦਾ ਹੈ ਕਿ ਯੋਕੋਹਾਮਾ ਦੀ ਜਾਪਾਨੀ ਬੰਦਰਗਾਹ ਦੇ ਦੋ ਪ੍ਰਮੁੱਖ ਆਗੂ ਭਗਵਾਨ ਸਿੰਘ (ਗਿਆਨੀ) ਅਤੇ (ਪ੍ਰੋਫੈਸਰ) ਬਰਕਤ ਉਲਾ ਵੀ ਏਸੇ ਮੰਤਵ ਨਾਲ ਜਹਾਜ਼ 'ਤੇ ਆਉਂਦੇ ਜਾਂਦੇ ਸੀ ਅਤੇ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਭਗਵਾਨ ਸਿੰਘ ਵੈਨਕੂਵਰ ਗੁਰਦੁਆਰੇ ਦੇ ਸਾਬਕਾ ਗ੍ਰੰਥੀ ਨੇ ਜਿਸ ਨੂੰ ਉਥੋਂ ਡੀਪੋਰਟ ਕਰ ਦਿੱਤਾ ਗਿਆ ਸੀ, ਮੁਸਾਫਰਾਂ ਨੂੰ ਜੋਸ਼ੀਲੇ ਭਾਸ਼ਣ ਰਾਹੀਂ ਅੰਗਰੇਜ਼ੀ ਰਾਜ ਵਿਰੁੱਧ ਵਿਦਰੋਹ ਲਈ ਉਕਸਾਇਆ ਸੀ। ਸਾਡੇ ਲਈ ਇਹ ਵਿਸ਼ਵਾਸ ਕਰਨਾ ਸੰਭਵ ਨਹੀਂ ਕਿ (ਬਾਬਾ) ਗੁਰਦਿੱਤ ਸਿੰਘ ਵੱਲੋਂ ਗਦਰੀਆਂ ਦੀਆਂ ਇਹਨਾਂ ਗਤੀਵਿਧੀਆਂ ਦੀ ਆਗਿਆ ਦੇਂਦੇ ਰਹਿਣ ਦਾ ਮਤਲਬ ਸਿਵਾਏ ਵਿਦਰੋਹੀਆਂ ਨਾਲ ਹਮਦਰਦੀ ਜਤਾਉਣ ਦੇ ਕੁਝ ਹੋਰ ਸੀ।

**ਇਸ ਬਾਰੇ ਸਰਕਾਰ ਵੀ ਅਵੇਸਲੀ ਨਹੀਂ ਸੀ** : ਇਸ ਲਈ ਇਕ ਸੂਹੀਆ ਡਾਕਟਰ ਰਘੂਨਾਥ ਸਿੰਘ ਜਹਾਜ਼ ਦੇ ਮੈਡੀਕਲ ਅਫਸਰ ਦੇ ਰੂਪ ਵਿੱਚ ਚੜ੍ਹਾ ਦਿੱਤਾ ਜੋ ਮੁਸਾਫਰਾਂ ਵਿੱਚ ਜਹਾਜ਼ ਦੇ ਆਗੂਆਂ ਵਿਰੁਧ ਸਾਜਸਾਂ ਦਾ ਕੇਂਦਰ ਬਿੰਦੂ ਸਾਬਤ ਹੋਇਆ। ਇਹ ਕੁਝ ਤਾਂ ਪਿੱਛੋਂ ਜਾ ਕੇ ਹੋਇਆ ਸੀ ਹੁਣ ਪਿਛਲ ਝਾਤ ਮਾਰੀਏ ਪੰਜਾਬੀਆਂ, ਮਲਵਈਆਂ, ਦੁਆਬੀਆਂ, ਮਝੈਲਾਂ ਦੇ ਸਫਰ ਦੇ ਅਰੰਭ 'ਤੇ।

**ਉਦਮੀ ਬਾਬਾ**

ਸਰਹਾਲੀ ਦੇ ਬਾਬਾ ਗੁਰਦਿੱਤ ਸਿੰਘ ਕਈ ਸਾਲ ਤੋਂ ਮਲਾਇਆ ਸਿੰਘਾਪੁਰ ਠੇਕੇਦਾਰੀ ਕਰਦੇ ਆ ਰਹੇ ਸਨ। ਸੰਨ 1909 ਨੂੰ ਪਿੰਡੋਂ ਹੋ ਕੇ ਵਾਪਸ ਸਿੰਘਾਪੁਰ ਜਾਂਦਿਆਂ ਹੋਇਆਂ, ਉਹਨਾਂ ਨੇ ਪੰਜਾਬੀਆਂ ਨੂੰ ਸਿੱਧਾ ਕੈਨੇਡਾ ਲਿਜਾਣ ਵਾਸਤੇ ਜਹਾਜ਼ ਠੇਕੇ 'ਤੇ ਲੈਣ ਦਾ ਉਦਮ ਸ਼ੁਰੂ ਕੀਤਾ। ਗਦਰੀ ਬਾਬਾ ਸ਼ੇਰ ਸਿੰਘ ਅੰਮ੍ਰਿਤਸਰ ਦੇ ਕਥਨ ਅਨੁਸਾਰ ਭਾਈ ਬਲਵੰਤ ਸਿੰਘ ਗੰਥੀ (ਖੁਰਦਪੁਰ-ਜਲੰਧਰ) ਇਤਫਾਕੀਆ (ਬਾਬਾ) ਗੁਰਦਿੱਤ ਸਿੰਘ ਨੂੰ ਮਿਲੇ ਤੇ ਉਹਨਾਂ ਬਾਬਾ ਜੀ ਨੂੰ ਕੈਨੇਡਾ ਜਹਾਜ਼ ਲੈ ਜਾਣ ਦੀ ਪ੍ਰੇਰਣਾ ਦਿੱਤੀ ਅਤੇ ਮਾਲੀ ਸਹਾਇਤਾ ਦਾ ਭਰੋਸਾ ਦਿੱਤਾ। ਜਹਾਜ਼ ਲੈ ਜਾਣ ਦਾ ਮਕਸਦ ਸੀ ਕਿ ਕੈਨੇਡਾ ਸਰਕਾਰ ਦੇ ਹੁਕਮ ਦੀ ਪਾਲਣਾ ਹੋ ਜਾਣ ਕਾਰਨ ਹਿੰਦੀਆਂ ਨੂੰ ਨਾ ਤਾਂ ਕੈਨੇਡਾ ਦਾਖਲ ਹੋਣ ਦਿੱਤਾ ਜਾਵੇਗਾ ਤੇ ਨਾਕਾਮਯਾਬੀ ਦੀ ਸਰਤ ਵਿੱਚ ਕੈਨੇਡਾ ਸਰਕਾਰ ਦੇ ਢੁਚਰ ਦੀ ਪੋਲ ਖੁੱਲ੍ਹ ਜਾਏਗੀ।

ਕਲਕੱਤੇ ਵਿੱਚ ਜਹਾਜ਼ ਕਿਰਾਏ 'ਤੇ ਨਾ ਮਿਲ ਸਕਣ 'ਤੇ ਹਾਂਗਕਾਂਗ ਵਲ ਗਏ, ਜਿਥੇ ਉਹਨਾਂ ਇਕ ਜਹਾਜ਼ ਏਜੰਟ ਰਾਹੀਂ ਇਕ ਜਾਪਾਨੀ ਜਹਾਜ਼ ਕਾਮਾਗਾਟਾਮਾਰੂ ਕਰਾਏ 'ਤੇ ਲੈ ਲਿਆ। ਇਹ ਜਹਾਜ਼ 4-4-1914 ਨੂੰ ਹਾਂਗਕਾਂਗ ਤੋਂ ਸ਼ੰਘਾਈ ਤੇ ਨਾਗਾਸਾਕੀ ਹੁੰਦਾ ਹੋਇਆ, 375 ਮੁਸਾਫਰ ਲੈ ਕੇ ਜਿਨ੍ਹਾਂ ਵਿੱਚੋਂ 351 ਸਿੱਖ ਤੇ 22 ਮੁਸਲਮਾਨ ਸਨ, ਵੈਨਕੂਵਰ ਚੱਲ ਪਿਆ। (ਇਸ ਜਹਾਜ਼ ਵਿਚ ਮਾਲਵੇ ਇਲਾਕੇ ਦੇ ਕੁਲ 156 ਮਲਵਈ ਯਾਤਰੀ ਸਨ)

**ਵੈਨਕੂਵਰ ਪੁੱਜਣਾ**

23 ਮਈ 1914 ਨੂੰ ਇਹ ਵੈਨਕੂਵਰ 'ਤੇ ਜਾ ਲੱਗਾ। ਕੁਰਾਟੀਨ (Quarantine) ਭਾਵ, ਕਿਸੇ ਜੀਵ ਨੂੰ ਕੁਝ ਮਿਆਦ ਲਈ ਬਾਕੀ ਜੀਵਾਂ ਤੋਂ ਅਲੱਗ ਥਲੱਗ ਰੱਖਣਾ (ਕਿਸੇ ਲਾਗ ਛੂਤ ਦੀ ਸੰਭਾਵਨਾ ਤੋਂ ਬਚਾਅ ਲਈ) ਛੱਡਣ ਪਿੱਛੋਂ ਜਹਾਜ਼ ਨੂੰ ਇਮੀਗ੍ਰੇਸ਼ਨ ਮਹਿਕਮੇ ਦੇ ਆਦੇਸ਼ ਅਨੁਸਾਰ ਘਾਟ ਉਤੇ ਨਾ ਲੱਗਣ ਦਿੱਤਾ ਗਿਆ। ਪਹਿਰੇਦਾਰ ਅਤੇ ਸਰਕਾਰੀ ਗਸ਼ਤੀ ਕਿਸ਼ਤੀਆਂ ਕਰੜਾਈ ਨਾਲ ਜਹਾਜ਼ ਦੀ ਨਿਗਰਾਨੀ ਕਰਦੀਆਂ ਅਤ ਕਿਸੇ ਨੂੰ ਜਹਾਜ਼ 'ਤੇ ਆਉਣ ਜਾਣ ਨਾ ਦਿੱਤਾ ਜਾਂਦਾ। ਉਧਰੋਂ ਜਹਾਜ਼ ਦੇ ਠੇਕੇ ਦੀ ਮਿਆਦ, ਜਦ ਇਸਨੂੰ ਹਾਂਗਕਾਂਗ ਇਸ ਦੇ ਮਾਲਕਾਂ ਦੇ ਹਵਾਲੇ ਕਰਨਾ ਸੀ ਅਤੇ ਠੇਕੇ ਦੀ ਬਕਾਇਆ ਰਕਮ ਅਦਾ ਕਰਨ ਦੀ ਤਾਰੀਖ਼ ਨੇੜੇ ਢੁਕਦੀ ਜਾ ਰਹੀ ਸੀ, ਪਰ ਪੁੱਛ ਪੜਤਾਲ ਦੀ ਕਮੇਟੀ ਪੜਤਾਲ ਨੂੰ ਲਮਕਾਈ ਹੀ ਜਾ ਰਹੀ ਸੀ।

ਟੋਰੰਟੋ ਦੇ ਇਕ ਅੰਗਰੇਜ਼ੀ ਅਖਬਾਰ ਵਿੱਚ ਸਮਕਾਲੀ ਟਿੱਪਣੀਕਾਰ ਮਿਸ ਐਨਾਰੋਜ਼ ਨੇ ਇਸ ਸਥਿਤੀ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ—

"ਪਰ ਇਹ ਆਦਮੀ ਜਿਨ੍ਹਾਂ, ਇਮੀਗ੍ਰੇਸ਼ਨ ਕਾਇਦੇ ਕਾਨੂੰਨਾਂ ਦੀ ਪਾਲਣਾ ਕੀਤੀ ਸੀ, ਜਿਹੜੇ ਤਕਰੀਬਨ 57000 ਡਾਲਰ ਖਰਚ ਕੇ ਲਗਾਤਾਰ ਸਫਰ ਰਾਹੀਂ ਪੁੱਜੇ ਸਨ, ਜਿਹੜੇ ਹੁਣ ਨਿਮਰਤਾ ਸਹਿਤ ਬਰਤਾਨਵੀ ਸ਼ਹਿਰੀਆਂ ਦੀ ਹੈਸੀਅਤ ਵਿੱਚ ਦਾਖਲਾ ਮਗਦੇ ਸਨ ਅਤੇ ਇਸਦੀ ਆਸ ਰੱਖਦੇ ਸਨ, ਦਾਖਲੇ ਦੀ ਬਜਾਏ ਨਮੋਸ਼ੀ ਦਰ ਨਮੋਸ਼ੀ ਦਾ ਸ਼ਿਕਾਰ ਹੋਏ। ਇਹਨਾਂ ਰਿਸ਼ਟ-ਪੁਸ਼ਟ ਸ੍ਵੈਮਾਨ ਵਾਲੇ ਲੋਕਾਂ ਨਾਲ ਕਿਸ ਹੱਦ ਤੱਕ ਸਰਕਾਰ ਨੇ ਨਿਰਾਦਰੀ ਵਾਲਾ ਵਰਤਾਓ ਕੀਤਾ, ਉਸਦਾ ਕਿਆਸ ਕਰਨਾ ਆਸਾਨ ਨਹੀਂ ਹੈ। ਵੈਨਕੂਵਰ ਰਹਿੰਦੇ ਮੁਸਾਫਰਾਂ ਦੇ ਸਿੱਖ ਭਾਈਬੰਦਾਂ ਨੂੰ ਉਨ੍ਹਾਂ ਨਾਲ ਮੇਲ ਮਿਲਾਪ ਨਹੀਂ ਕਰਨ ਦਿੱਤਾ ਜਾ ਰਿਹਾ। ਇਥੋਂ ਤੱਕ ਕਿ ਵੈਨਕੂਵਰ ਵਾਲੇ ਆਪਣੇ ਵਕੀਲ ਨਾਲ ਵੀ ਸੰਪਰਕ ਨਹੀਂ ਕਰਨ ਦਿੱਤਾ ਜਾਂਦਾ। ਜਦੋਂ ਦਾਖਲੇ ਸਬੰਧੀ ਉਹਨਾਂ ਦੇ ਮੁਕੱਦਮੇ ਦੀ ਪੈਰਵਾਈ (ਉਹਨਾਂ ਦਾ ਵਕੀਲ) ਮਿ. ਬਰਡ ਕਰ ਰਿਹਾ ਸੀ ਤਾਂ ਵੀ ਉਸਨੂੰ ਆਪਣੇ ਮੁਅਕਲਾਂ ਨਾਲ ਮਿਲਣ ਨਾ ਦਿੱਤਾ ਗਿਆ, ਜਿਸ ਕਰਕੇ ਉਨ੍ਹਾਂ ਦਾ ਮੁਕੱਦਮਾ ਉਹ ਹਨ੍ਹੇਰੇ ਵਿੱਚ ਹੀ ਲੜਦਾ ਰਿਹਾ। ਜਦੋਂ ਫੈਸਲਾ ਮੁਸਾਫਰਾਂ ਦੇ ਖਿਲਾਫ ਹੋ ਗਿਆ ਤਾਂ ਫਿਰ ਮਿਸਟਰ ਬਰਡ ਉਹਨਾਂ ਨੂੰ ਜਹਾਜ਼ 'ਤੇ ਜਾ ਕੇ ਮਿਲਿਆ ਤਾਂ ਉਸਨੂੰ ਪਤਾ ਲੱਗਾ ਕਿ ਮੁਕੱਦਮੇ ਦੇ ਕਈ ਅਹਿਮ ਪੱਖ ਉਹ ਅਦਾਲਤ ਨੂੰ ਸਪੱਸ਼ਟ ਨਹੀਂ ਕਰ ਸਕਿਆ ਅਤੇ ਨਾ ਉਹ ਪੇਸ਼ ਹੀ ਕੀਤੇ ਜਾ ਸਕੇ। ਜੇ ਇਹ ਕੈਨੇਡੀਅਨ ਇਨਸਾਫ ਹੈ ਤਾਂ ਬਰਤਾਨਵੀ ਇਨਸਾਫ ਨਹੀਂ।"

**ਮਰਦਾ ਕੀ ਨਹੀਂ ਕਰਦਾ**

ਜਦੋਂ ਮੁਕੱਦਮੇ ਦਾ ਫੈਸਲਾ ਉਹਨਾਂ ਦੇ ਖਿਲਾਫ ਹੋ ਗਿਆ, ਉਹਨਾਂ ਮਜ਼ਬੂਰੀ ਬੱਸ ਉਥੋਂ ਵਾਪਸ ਪਰਤਣ ਦੀ ਇੱਛਾ ਜ਼ਾਹਰ ਕੀਤੀ। ਉਹਨਾਂ ਵਾਪਸੀ ਵਾਸਤੇ ਰਾਸ਼ਨ ਪਾਣੀ ਦੀ ਮੰਗ ਕੀਤੀ। ਇਮੀਗ੍ਰੇਸ਼ਨ ਵਾਲਿਆਂ ਨੇ ਇਹ ਮੰਗ ਰੱਦ ਕਰ ਦਿੱਤੀ ਅਤੇ ਜਹਾਜ਼ ਦੇ (ਜਾਪਾਨੀ) ਕਪਤਾਨ ਨੂੰ ਇਕਦਮ ਜਹਾਜ਼ ਤੋਰ ਦੇਣ ਦਾ ਹੁਕਮ ਚਾੜ੍ਹ ਦਿੱਤਾ। ਮੁਸਾਫਰਾਂ ਨੇ ਰੋਹ ਵਿੱਚ ਆ ਕੇ ਕਪਤਾਨ ਨੂੰ ਅਜਿਹਾ

ਕਰਨੋਂ ਜ਼ਬਰਦਸਤੀ ਰੋਕ ਦਿੱਤਾ। 135 ਪੁਲਸੀਆਂ ਅੱਗ ਬੁਝਾਉਣ ਵਾਲੇ ਇੰਜਨਾਂ ਨਾਲ ਉਹਨਾਂ 'ਤੇ ਪਾਣੀ ਸੁੱਟ ਕੇ ਜਹਾਜ਼ 'ਤੇ ਚਾੜ੍ਹ ਦੇਣ ਦੀ ਕੋਸ਼ਿਸ਼ ਕੀਤੀ। ਜਿਸ ਨੇ ਉਹਨਾਂ ਨੂੰ ਹੋਰ ਵੀ ਭੜਕਾ ਦਿੱਤਾ ਉਹਨਾਂ ਨੇ ਕੋਇਲੇ ਤੇ ਇੱਟਾਂ ਨਾਲ ਪੁਲਿਸ ਨੂੰ ਪਛਾੜ ਦਿੱਤਾ।

ਫਿਰ ਕੈਨੇਡੀਅਨ ਸਰਕਾਰ ਨੇ ਆਪਣੀ ਤਾਕਤ ਦੇ ਘੁਮੰਡ ਵਿੱਚ ਆਪਣੇ ਜੰਗੀ ਜਹਾਜ਼ ਰੇਨਬੋ (Rainbow) ਨੂੰ ਹੁਕਮ ਦਿੱਤਾ ਕਿ ਉਹ ਕਾਮਾਗਾਟਾ ਮਾਰੂ ਨੂੰ ਉਥੋਂ ਚਲੇ ਜਾਣ 'ਤੇ ਸਖ਼ਤੀ ਨਾਲ ਮਜ਼ਬੂਰ ਕਰੇ। ਪ੍ਰੰਤੂ ਇਹ ਅਨ ਮਨੁੱਖੀ ਯੋਜਨਾ ਤਿਆਗ ਦਿੱਤੀ ਗਈ ਤੇ ਖੁੱਲ੍ਹੇ ਰਾਸ਼ਨਾਂ ਦੀ ਪੇਸ਼ਕਸ਼ ਕੀਤੀ ਗਈ। ਪਰ ਹੁਣ ਮੁਸਾਫਰਾਂ ਦਾ ਖ਼ੂਨ ਉਬਾਲਾ ਖਾ ਚੁੱਕਾ ਸੀ, ਉਨ੍ਹਾਂ ਨੂੰ ਇਹ ਕਿੜ ਸੀ ਕਿ ਕੈਨੇਡੀਅਨ ਹਾਕਮਾਂ ਨੇ ਉਹਨਾਂ ਨਾਲ ਵਹਿਸ਼ੀਆਨਾ ਵਰਤਾਉ ਕੀਤਾ ਹੈ ਅਤੇ ਉਹਨਾਂ ਨੇ ਫੈਸਲਾ ਕੀਤਾ ਕਿ ਕਿਸੇ ਪੇਸ਼ਕਸ਼ 'ਤੇ ਵਿਚਾਰ ਨਾ ਕੀਤਾ ਜਾਵੇ, ਬਲਕਿ ਟੱਕਰ ਲਈ ਜਾਵੇ ਤੇ ਜੇ ਸ਼ਹੀਦੀਆਂ ਦੀ ਨੌਬਤ ਆਈ ਤਾਂ ਵੀ ਪਿੱਛੇ ਨਾ ਹਟਿਆ ਜਾਵੇ।

22 ਜੁਲਾਈ 1914 ਨੂੰ ਕੈਨੇਡੀਅਨ ਸਰਕਾਰ ਨੇ ਆਪਣੇ ਆਪ ਨੂੰ ਇਸ ਪੋਜੀਸ਼ਨ ਵਿੱਚ ਪਾਇਆ : ਰੇਨਬੋ ਜੰਗੀ ਜਹਾਜ਼ ਦੀਆਂ ਤੋਪਾਂ ਨੇ ਕਾਮਾਗਾਟਾ ਮਾਰੂ ਜਹਾਜ਼ ਦਾ ਨਿਸ਼ਾਨਾ ਬਿੰਨ੍ਹਿਆ ਹੋਇਆ ਸੀ ਮੁਸਾਫਰਾਂ ਨੇ ਵੀ ਸਿਰਧੜ ਦੀ ਬਾਜੀ ਲਾਉਣ ਲਈ ਕਮਰਕੱਸੇ ਕਸ ਲਏ। ਤਦੋਂ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਪਹਿਲੀ ਵਾਰ ਸਥਾਨਕ ਹਿੰਦੀਆਂ ਦੀ ਮਦਦ ਲਈ ਗਈ ਤੇ ਉਹਨਾਂ ਜਹਾਜ਼ ਤੇ ਜਾ ਕੇ ਵਿੱਚ ਵਿਚਾਲੇ ਦਾ ਰਾਹ ਕੱਢਿਆ ਤੇ ਮੁਸਾਫਰਾਂ ਨੂੰ ਰਾਸ਼ਨ ਪਾਣੀ ਦੇ ਕੇ ਵਾਪਸ ਤੋਰ ਦਿੱਤਾ ਗਿਆ। ਇਹ ਵਾਪਸੀ ਦਾ ਸਫਰ ਪੂਰੇ 2 ਮਹੀਨੇ ਦੀ ਖੱਜਲ ਖੁਆਰੀ ਪਿੱਛੋਂ 23 ਜੁਲਾਈ 1914 ਨੂੰ ਸ਼ੁਰੂ ਹੋਇਆ।

## ਵਾਪਸੀ ਦਾ ਸਫਰ

ਸਫਰ ਦੇ ਤੀਜੇ ਦਿਨ ਭਾਵ 25 ਜੁਲਾਈ 1914 ਨੂੰ ਹਾਂਗਕਾਂਗ ਦੇ ਗਵਰਨਰ ਨੇ ਲੰਡਨ ਤਾਰ ਭੇਜੀ ਜਿਸ ਰਾਹੀਂ ਉਸਨੇ ਖਦਸ਼ਾ ਪ੍ਰਗਟ ਕੀਤਾ ਕਿ ਜੇ ਇਹਨਾਂ ਮੁਸਾਫਰਾਂ ਨੂੰ ਇਥੇ ਉਤਰਨ ਦਿੱਤਾ ਗਿਆ ਤਾਂ ਇਹ ਹਾਂਗਕਾਂਗ ਸਥਿਤ ਭਾਰਤੀ ਫੌਜੀਆਂ ਤੇ ਪ੍ਰਾਈਵੇਟ ਸਕਿਉਰਿਟੀ 'ਤੇ ਨਿਯੁਕਤ ਹਿੰਦੀਆਂ ਦੀ ਮਾਨਸਿਕਤਾ ਨੂੰ ਦੂਸ਼ਿਤ ਕਰ ਦੇਣਗੇ।

ਅਜਿਹੀ ਭਾਵਨਾ ਨੂੰ ਮੁੱਖ ਰੱਖਦਿਆਂ 20 ਅਗਸਤ 1914 ਨੂੰ ਆਰਡੀਨੈਂਸ ਨੰਬਰ 3 ਜਾਰੀ ਕਰ ਦਿੱਤਾ ਗਿਆ। ਜਿਸ ਦਾ ਮੰਤਵ ਵਿਦੇਸ਼ੋਂ ਪਰਤ ਰਹੇ ਵਿਅਕਤੀਆਂ ਨੂੰ ਕਾਬੂ ਵਿੱਚ ਰੱਖਣਾ ਸੀ। ਕੁਝ ਹੀ ਦਿਨਾਂ ਵਿੱਚ ਭਾਵ 5 ਸਤੰਬਰ ਨੂੰ ਆਰਡੀਨੈਂਸ ਨੰਬਰ 4 ਲਾਗੂ ਕਰ ਦਿੱਤਾ ਗਿਆ। ਜਿਹੜਾ ਪ੍ਰਤੱਖ ਰੂਪ ਵਿੱਚ ਬਾਹਰੋਂ ਵਾਪਸ ਆ ਰਹੇ ਹਿੰਦੀਆਂ ਨੂੰ ਵੀ ਵਿਦੇਸ਼ੀ ਮੰਨਕੇ ਨਜ਼ਰਬੰਦ ਕਰ ਸਕਣ ਦੀ ਆਗਿਆ ਦਿੰਦਾ ਸੀ। ਫਿਰ ਕੁਝ ਹੀ ਦਿਨਾਂ ਪਿੱਛੋਂ ਬੰਗਾਲ ਸਰਕਾਰ ਨੇ ਹਰ ਵੀ ਕਰੜਾ ਆਰਡੀਨੈਂਸ 17 ਸਤੰਬਰ ਨੂੰ ਜਾਰੀ ਕਰਕੇ ਇਹਨਾਂ ਬੇਬਸ ਮੁਸਾਫਰਾਂ ਨੂੰ ਕਾਬੂ ਕਰਨ ਲਈ ਰੱਸੇ-ਪੈੜੇ ਤਿਆਰ ਕਰ ਲਏ ਹੋਏ ਸੀ। ਅਸਲ ਵਿੱਚ ਹਿੰਦ ਸਰਕਾਰ ਇਹਨਾਂ ਵਿਗੜੇ ਹੋਏ ਮੁਸਾਫਰਾਂ ਨੂੰ ਸਬਕ ਸਿਖਾਉਣ ਅਤੇ ਮਜ਼ਾ ਚਖਾਉਣ ਦਾ ਪੱਕਾ ਇਰਾਦਾ ਕਰ ਚੁੱਕੀ ਸੀ।

## ਗਦਰ ਪਾਰਟੀ ਦਾ ਪ੍ਰਤੀਕਰਮ

ਗਦਰ ਪਾਰਟੀ ਦੇ ਜ਼ਿੰਮੇਵਾਰਾਂ ਨੇ ਫੈਸਲਾ ਕੀਤਾ ਕਿ ਪਾਰਟੀ ਦਾ ਇਕ ਆਗੂ ਕਾਮਾਗਾਟਾ ਮਾਰੂ ਜਹਾਜ਼ ਦੇ ਨਾਲ-ਨਾਲ ਜਾਏ ਤੇ ਯੋਕੋਹਾਮਾ (ਜਾਪਾਨ) ਪਹੁੰਚ ਕੇ ਜਹਾਜ਼ ਦੇ ਮੁਸਾਫਰਾਂ ਨੂੰ ਮਿਲੇ ਤੇ ਉਹਨਾਂ ਨੂੰ ਇਨਕਲਾਬੀ ਲਾਈਨ ਸਮਝਾਏ। ਇਸ ਸਬੰਧੀ ਬਾਬਾ ਸੋਹਨ ਸਿੰਘ ਭਕਨਾ ਆਪਣੀ ਆਤਮ ਕਥਾ ਦੇ 44-45 ਸਫੇ 'ਤੇ ਲਿਖਦੇ ਹਨ-

...ਇਸ ਕੰਮ ਲਈ ਮੇਰੀ ਡਿਊਟੀ ਲੱਗੀ, 200 ਪਿਸਤੌਲ ਅਤੇ 2000 ਕਾਰਤੂਸ ਦੋ ਪੇਟੀਆਂ ਵਿੱਚ ਬੰਦ ਕਰਕੇ ਜਹਾਜ਼ 'ਤੇ ਪਹੁੰਚਾਉਣ ਲਈ ਲਿਜਾਣੀਆਂ ਸਨ। ਇਸ ਦੇ ਬੰਦੋਬਸਤ ਭਾਈ ਭਗਵਾਨ ਸਿੰਘ ਤੇ ਮਲਵਈ ਨੌਜਵਾਨ ਕਰਤਾਰ ਸਿੰਘ ਸਰਾਭੇ 'ਤੇ ਸੁੱਟਿਆ ਗਿਆ। ਉਹਨਾਂ ਨੇ ਜਹਾਜ਼ 'ਤੇ ਇਕ ਕਮਰਾ ਰਿਜ਼ਰਵ ਕਰਕੇ ਜਹਾਜ਼ ਦੇ ਰਵਾਨਾ ਹੋਣ ਤੋਂ ਕੋਈ ਇਕ ਘੰਟਾ ਪਹਿਲਾਂ ਇਹ ਪੇਟੀਆਂ ਕਰਤਾਰ ਸਿੰਘ ਦੇ ਹੱਥੀਂ ਉਸ ਕਮਰੇ ਵਿੱਚ ਰਖਵਾ ਦਿੱਤੀਆਂ। ਮੈਂ ਬੜੀ ਸਾਵਧਾਨੀ ਨਾਲ ਯੁਗਾਂਤਰ ਆਸ਼ਰਮ ਵਿਚੋਂ ਨਿਕਲਿਆ ਤੇ ਰਸਤੇ ਵਿੱਚ ਦੂਜੀ ਕਾਰ ਬਦਲ ਕੇ ਜਹਾਜ਼ ਦੇ ਚੱਲਣ ਤੋਂ ਸਿਰਫ 15 ਮਿੰਟ ਪਹਿਲੇ ਪਹੁੰਚਿਆ ਤੇ ਕਰਤਾਰ ਸਿੰਘ ਨੂੰ ਚਲੇ ਜਾਣ ਦਾ ਇਸ਼ਾਰਾ ਕਰਕੇ ਕਮਰੇ ਵਿੱਚ ਜਾ ਬੈਠਾ। ਅਜੇ ਮੇਰੇ ਵਾਲਾ ਜਹਾਜ਼ ਅਮਰੀਕਾ ਤੇ ਜਾਪਾਨ ਦੇ ਵਿਚਾਲੇ ਹੀ ਸੀ ਕਿ ਜਹਾਜ਼ ਵਾਲਿਆਂ ਨੇ ਜੰਗ ਛਿੜਨ ਦੀ ਖਬਰ ਸੁਣਾ ਦਿੱਤੀ।

ਅੱਗੋਂ ਮੇਰੇ ਸਾਹਮਣੇ ਪੇਟੀਆਂ ਉਤਾਰਨ ਤੇ ਕਿਸੇ ਮਹਿਫੂਸ ਥਾਂ 'ਤੇ ਰੱਖਣ ਦਾ ਮਸਲਾ ਸੀ। ਪਰ ਮੇਰੇ ਅਮਰੀਕਾ ਤੋਂ ਚੱਲਣ ਵੇਲੇ ਮੌਲਵੀ-ਬਰਕਤ-ਉਲਾ ਨੇ ਜਾਪਾਨ ਵਿਚਲੀ ਪਾਰਟੀ ਸਾਖ ਦੇ ਮੈਂਬਰਾਂ ਨੂੰ ਮੇਰੇ ਆਉਣ ਦੀ ਖਬਰ ਤਾਰ ਰਾਹੀਂ ਭੇਜ ਦਿੱਤੀ ਸੀ। ਸੋ ਜਦੋਂ ਜਹਾਜ਼ ਯੋਕੋਹਾਮਾ ਪਹੁੰਚਿਆ ਤਾਂ ਪਾਰਟੀ ਮੈਂਬਰ ਮੈਨੂੰ ਲੈਣ ਲਈ ਜਹਾਜ਼ 'ਤੇ ਪਹੁੰਚੇ ਹੋਏ ਸੀ। ਮੈਂ ਪੇਟੀਆਂ ਉਹਨਾਂ ਦੇ ਸਪੁਰਦ ਕਰ ਦਿੱਤੀਆਂ ਤੇ ਉਹ ਕਾਰ ਵਿੱਚ ਬੈਠਾ ਕੇ ਮੈਨੂੰ ਇਕ ਹੋਟਲ ਵਿੱਚ ਲੈ ਗਏ। ਮੈਂ ਕਾਮਾਗਾਟਮਾਰੂ ਦੇ ਆਉਣ ਤੇ ਪੇਟੀਆਂ ਵਗੈਰਾ ਜਹਾਜ਼

ਉੱਤੇ ਪਹੁੰਚਾਉਣ ਤੇ ਹੋਰ ਕੰਮ ਨਬੇੜਨ ਤੱਕ ਹੋਟਲ ਵਿੱਚ ਹੀ ਠਹਿਰਿਆ। ਇਕ ਹੋਰ ਕੰਮ ਵੀ ਮੇਰੇ ਜ਼ਿੰਮੇ ਸੀ, ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਐਡਮਨ ਨਾਮੀਜਲ ਜਰਮਨ ਡੁਬਕਨੀ ਜੋ ਉਸ ਵੇਲੇ ਸਮੁੰਦਰਾਂ ਵਿੱਚੋਂ ਗਸ਼ਤ ਕਰ ਰਹੀ ਸੀ ਕਿਤੇ ਕਾਮਾਗਾਟਮਾਰੂ ਨੂੰ ਡਬੋ ਨਾ ਦੇਵੇ। ਇਸ ਦੇ ਪ੍ਰਬੰਧ ਲਈ ਮੈਂ ਜਰਮਨ ਸਫੀਰ ਦੇ ਇਕ ਜਾਪਾਨੀ ਨੌਕਰ ਨੂੰ ਗੰਢ ਕੇ, ਭੇਸ ਬਦਲਕ, ਚੋਰ ਦਰਵਾਜਿਉਂ ਜਰਮਨ ਸਫੀਰ ਨੂੰ ਜਾ ਮਿਲਿਆ ਅਤੇ ਕੋਡ (ਗੁਪਤ ਬੋਲੀ) ਮੁਕਰਰ ਕੀਤੇ। ਜਿਹੜੇ ਲੋੜ ਪੈਣ ’ਤੇ ਵਰਤੇ ਜਾ ਸਕਣ ਤੇ ਜਹਾਜ਼ ਨੂੰ ਬਚਾ ਕੇ ਕੱਢਿਆ ਜਾ ਸਕੇ।

ਹਰ ਰੋਜ਼ ਕੋਈ ਨਾ ਕੋਈ ਪਾਰਟੀ ਮੈਂਬਰ ਆ ਕੇ ਮਿਲ ਜਾਂਦਾ, ਜਦ ਕਾਮਾਗਾਟਾਮਾਰੂ ਪਹੁੰਚਿਆ ਤਾਂ ਮੈਂਬਰਾਂ ਨੇ ਇਤਲਾਹ ਦਿੱਤੀ ਤੇ ਜਹਾਜ਼ ਵਾਲਿਆਂ ਨੂੰ ਵੀ ਮੇਰੇ ਬਾਰੇ ਦੱਸ ਦਿੱਤਾ। (ਮਾਲਵੇ ਦੇ) ਗੁਜ਼ਰਵਾਲ-ਲੁਧਿਆਣਾ ਤੋਂ ਹਾਕਮ ਸਿੰਘ ਅਤੇ (ਮਾਲਵੇ ਦੇ ਹੀ) ਕਾਉਣੀ ਮੁਕਤਸਰ ਤੋਂ ਭਾਈ ਰਾਏ ਸਿੰਘ ਉਰਫ ਦਲਜੀਤ ਸਿੰਘ ਸੈਕਟਰੀ ਜਹਾਜ਼ ਕਮੇਟੀ ਮੈਨੂੰ ਆ ਕੇ ਮਿਲੇ। ਮੈਂ ਸਾਰੀ ਗੱਲ ਉਹਨਾਂ ਨੂੰ ਸਮਝਾ ਦਿੱਤੀ ਤੇ ਅਗਲੇ ਦਿਨ ਪੇਟੀਆਂ ਜਹਾਜ਼ ’ਤੇ ਪਹੁੰਚਾਉਣ ਵਾਲਿਆਂ ਨਾਲ ਮੁਲਾਕਾਤ ਬਾਰੇ ਵੀ ਗੱਲ ਮਿੱਥ ਲਈ ਗਈ। ਅਗਲੇ ਦਿਨ ਉਹਨਾਂ ਮੈਂਬਰਾਂ ਨੇ ਸਾਰਾ ਕੰਮ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ।

ਅਜੇ ਕਾਮਾਗਾਟਮਾਰੂ ਨਾਲ ਸਬੰਧਤ ਕੰਮ ਤੋਂ ਕੁਝ ਵਿਹਲ ਮਿਲੀ ਸੀ, ਕਰਤਾਰ ਸਿੰਘ ਸਰਾਭਾ ਇਕ ਹੋਰ ਸਾਥੀ ਸਮੇਤ ਹੋਟਲ ਵਿੱਚ ਆ ਕੇ ਮਿਲੇ ਤੇ ਪਾਰਟੀ ਦੇ ਓਸ ਫੈਸਲੇ ਦੀ ਇਤਲਾਹ ਦਿੱਤੀ, ਜਿਸ ਦੇ ਅਨੁਸਾਰ ਪਾਰਟੀ ਨੇ ਮੌਕੇ ਦੇ ਹਾਲਾਤ ਸਾਹਮਣੇ ਰੱਖਦਿਆਂ ਹੋਇਆਂ ਅੰਗਰੇਜ਼ ਦੇ ਵਿਰੁੱਧ ਹਿੰਦੋਸਤਾਨ ਜਾ ਕੇ ਇਨਕਲਾਬ ਕਰਨ ਦਾ ਐਲਾਨ ਕਰ ਦਿੱਤਾ।

**ਜਹਾਜ਼ ਦੀ ਹਿੰਦ ਵਾਪਸੀ : ਹਿੰਦੀਆਂ ਦੇ ਰੋਹ ਤੇ ਪ੍ਰਚਾਰ ਦਾ ਡਰ**

ਜਹਾਜ਼ 16 ਅਗਸਤ 1914 ਨੂੰ ਯੋਕੋਹਾਮਾ ਪਹੁੰਚ ਗਿਆ। ਉਥੇ ਹਾਂਗਕਾਂਗ ਸਰਕਾਰ ਦਾ ਹੁਕਮ ਮਿਲਿਆ ਕਿ ਜਹਾਜ਼ ਵਾਪਸ ਜਾਂਦਿਆਂ ਹਾਂਗਕਾਂਗ ਨਾ ਲੱਗੇ ਜੇਕਰ ਲੱਗਿਆ ਤਾਂ ਅਵਾਰਾ ਗਰਦੀ ਦੇ ਕਾਨੂੰਨ ਤਹਿਤ ਸਭ ਮੁਸਾਫਰ ਕੈਦ ਕਰ ਲਏ ਜਾਣਗੇ। ਮੁਸਾਫਰ ਜੋ ਘਰੋਂ ਤੁਰੇ ਸੀ ਕਮਾਈਆਂ ਕਰਨ ਲਈ, ਜਿਸ ਖਾਤਰ ਉਹਨਾਂ ਪੈਸੇ ਜੋੜੇ, ਜਮੀਨਾਂ ਗਹਿਣੇ ਰੱਖੀਆਂ ਤੇ ਸਾਕ ਸਬੰਧੀਆਂ ਤੋਂ ਹੱਥ ਉਧਾਰ ਲੈ ਕੇ ਸਫਰ ਲਈ ਖਰਚ ਦਾ ਜੁਗਾੜ ਕੀਤਾ ਸੀ, ਉਹ ਭਲਾ ਕਿਵੇਂ ਖਾਲੀ ਹੱਥੀਂ ਘਰ ਪਰਤਨਾ ਗਵਾਰਾ ਕਰ ਸਕਦੇ ਸਨ। ਉਹਨਾਂ ਦੀ ਮਨਸ਼ਾ ਸਿੰਘਾਪੁਰ, ਹਾਂਗਕਾਂਗ, ਸ਼ੰਘਾਈ ਵਰਗੇ ਥਾਵਾਂ ਤੇ ਉਤਰਕੇ ਮਿਹਨਤ, ਮਜ਼ਦੂਰੀ ਜਾਂ ਨੌਕਰੀ ਚਾਕਰੀ ਕਰਨਾ ਸੀ, ਜਿਸ ’ਤੇ ਏਸ ਹੁਕਮ ਨੇ ਪਾਣੀ ਫੇਰ ਦਿੱਤਾ।

ਦੂਜੀ ਗੱਲ ਜਹਾਜ਼ ਉੱਤੇ ਸਿਰਫ ਹਾਂਗਕਾਂਗ ਤੱਕ ਦਾ ਰਾਸ਼ਨ ਪਾਇਆ ਹੋਇਆ ਸੀ, ਕਲਕੱਤੇ ਤੱਕ ਪਹੁੰਚਣ ਲਈ ਹੋਰ ਰਾਸ਼ਨ ਪਾਣੀ ਦੀ ਲੋੜ ਸੀ। ਬਾਬਾ ਗੁਰਦਿੱਤ ਸਿੰਘ ਨੇ ਯੋਕੋਹਾਮਾ ਸਥਿਤ ਅੰਗਰੇਜ਼ੀ ਦੂਤ ਕੋਲੋਂ ਕਲਕੱਤੇ ਤੱਕ ਦਾ ਰਾਸ਼ਨ ਜਹਾਜ਼ ਵਿੱਚ ਪੈਣ ਵਾਲੇ ਕੋਲੇ ਅਤੇ ਰਾਹ ਦਾ ਖਰਚ ਮੰਗਿਆ। ਪਰ ਦੂਤ ਨੇ ਪੈਰਾਂ ’ਤੇ ਪਾਣੀ ਨਾ ਪੈਣ ਦਿੱਤਾ। ਇਥੇ ਕੁਝ ਪੰਜਾਬੀ ਚੋਰੀ ਛਿਪੇ ਜਹਾਜ਼ ’ਚੋਂ ਉਤਰ ਵੀ ਗਏ।

ਜਹਾਜ਼ ਦੇ ਮਾਲਕਾਂ ਨੇ ਜਹਾਜ਼ ਨੂੰ ਕੋਬੀ (Kobe) ਮੰਗਵਾ ਲਿਆ, ਜਿਥੇ ਓਹ 21 ਅਗਸਤ ਨੂੰ ਪਹੁੰਚਿਆ। ਇਥੇ ਗਦਰ ਪਾਰਟੀ ਦੇ ਬੰਦਿਆਂ ਨੇ ਜਿਨ੍ਹਾਂ ਵਿੱਚ ਜਵਾਹਰ ਮੱਲ ਮਨਸੁਖਾਨੀ (ਸਿੰਧੀ) ਮੁਖੀ ਵਿਅਕਤੀ ਸੀ, ਮੁਸਾਫਰਾਂ ਨੇ ਜਲੂਸ ਕੱਢਿਆ, ਅੰਗਰੇਜ਼ੀ ਦੂਤ ਦੇ ਦਫਤਰ ਅੱਗੇ ਮੁਜ਼ਾਹਰਾ ਕੀਤਾ। ਦੂਤ ਨੂੰ ਜਹਾਜ਼ ਦੀ ਕਮੇਟੀ ਦਾ ਡੈਪੂਟੇਸ਼ਨ ਮਿਲਿਆ। ਉਸਨੇ ਹਿੰਦ ਸਰਕਾਰ ਨੂੰ ਤਾਰਾਂ ਖੜਕਾਈਆਂ ਤੇ ਮੰਗ ਕੀਤੀ ਕਿ 19000 ਯੈਨ (ਜਾਪਾਨੀ ਸਿੱਕਾ) ਖਰਚ ਮੁਸਾਫਰਾਂ ਨੂੰ ਦਿੱਤਾ ਜਾਵੇ ਤਾਂ ਹੀ ਮੁਸਾਫਰ ਸਿੱਧੇ ਕਲਕੱਤੇ ਪਹੁੰਚਾਏ ਜਾ ਸਕਦੇ ਹਨ। ਹਿੰਦ ਸਰਕਾਰ ਨੇ ਉਦੋਂ ਤਾਂ ਇਹ ਖਰਚ ਦੇਣਾ ਮੰਨ ਲਿਆ, ਕਿਉਂਕਿ ਉਹ ਮੁਸਾਫਰਾਂ ਨੂੰ ਹਿੰਦ ਸੱਦ ਕੇ, ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਸੁੱਟਣਾ ਚਾਹੁੰਦੀ ਸੀ। ਪਰ ਬਜਬਜ ਦੇ ਸਾਕੇ ਤੋਂ ਪਿੱਛੋਂ ਉਸ ਨੇ ਬੜਾ ਬੁਰਾ ਮਨਾਇਆ ਅਤੇ ਉਪਰੋਕਤ ਦੂਤ ਦੇ ਰਵੱਈਏ ਦੀ ਕੜੀ ਨੁਕਤਾਚੀਨੀ ਕੀਤੀ। ਸਰਕਾਰ ਨੂੰ ਉਦੋਂ ਜਾ ਕੇ ਅਹਿਸਾਸ ਹੋਇਆ ਕਿ ਜੇ ਮੁਸਾਫਰ ਘਰੀਂ ਨਹੀਂ ਸੀ ਆਉਣਾ ਚਾਹੁੰਦੇ ਤਾਂ ਨਾ ਆਉਂਦੇ ਤੇ ਨਾ ਹੀ ਬਜ ਬਜ ਘਾਟ ਤੇ ਐਨਾ ਪੁਆੜਾ ਪੈਂਦਾ। ਖ਼ੈਰ!

ਕੋਬੀ ਵਿੱਚ ਇੱਕ ਹੋਰ ਰੱਫੜ ਪੈ ਗਿਆ। ਹਿੰਦ ਸਰਕਾਰ ਨੇ ਪੈਸੇ ਮਨਜ਼ੂਰ ਕਰਨ ਲੱਗਿਆਂ ਆਖਿਆ ਸੀ ਕਿ ਜਹਾਜ਼ ਸਿੱਧਾ ਮਦਰਾਸ ਆਵੇ ਅਤੇ ਜਹਾਜ਼ ਨੂੰ ਅੱਗੋਂ ਲੈਣ ਆਏ ਪਾਇਲਟਾਂ ਨਾਲ ਕੁਝ ਪੁਲਸੀਏ ਵੀ ਚੜ੍ਹਾ ਦਿੱਤੇ ਜਾਣ ਤੇ ਮੁਸਾਫਰਾਂ ਨੂੰ ਇਸ ਗੱਲ ਦੀ ਸੂਹ ਲੱਗ ਗਈ। ਉਹਨਾਂ ਨੇ ਮਦਰਾਸ ਜਾਣ ਵਿਰੁੱਧ ਰੌਲਾ ਪਾਇਆ ਅਤੇ ਜਹਾਜ਼ ਕਲਕੱਤੇ ਹੀ ਲਿਜਾਣ ਦੀ ਮੰਗ ਕੀਤੀ। ਆਖਰ ਸਰਕਾਰ ਨੂੰ ਉਹਨਾਂ ਦੀ ਮੰਗ ਮੰਨ ਕੇ ਜਹਾਜ਼ ਕਲਕੱਤੇ ਵੱਲ ਹੀ ਲਿਜਾਇਆ ਗਿਆ।

ਜਹਾਜ਼ 2 ਸਤੰਬਰ ਨੂੰ ਕੋਬੀ ਤੋਂ ਚੱਲਿਆ ਤੇ 16 ਸਤੰਬਰ ਨੂੰ ਸਿੰਘਾਪੁਰ ਆ ਪਹੁੰਚਿਆ, ਜਿਥੇ ਜਹਾਜ਼ ਨੂੰ ਘਾਟ ’ਤੇ ਨਹੀਂ ਲੱਗਣ ਦਿੱਤਾ ਗਿਆ ਤੇ ਸਮੁੰਦਰ ਵਿੱਚ ਪਿਛਾਂਹ ਹੀ ਖਲ੍ਹਾਰੀ ਰੱਖਿਆ। ਦਵਾਈ, ਦਾਰੂ, ਰਾਸ਼ਨ ਪਾਣੀ ਵੀ ਨਹੀਂ ਲੈਣ ਦਿੱਤਾ ਗਿਆ ਤੇ ਕਿਸੇ ਮੁਸਾਫਰ ਨੂੰ ਉਥੇ ਉਤਰਨ ਦੀ ਆਗਿਆ ਨਹੀਂ ਦਿੱਤੀ। 19 ਸਤੰਬਰ ਨੂੰ ਚੱਲ ਕੇ ਜਹਾਜ਼ 26 ਸਤੰਬਰ ਨੂੰ ਤੁਗਲੀ ਦਰਿਆ ਵਿੱਚ ਜਾ ਵੜਿਆ ਤੇ ਤੁਗਲੀ ਦੇ ਪਾਇਲਟ ਨੇ ਕਾਲਪੀ ਦੇ ਸਥਾਨ ’ਤੇ ਇਸ ਨੂੰ ਰੋਕ ਲਿਆ।

ਮੁਸਾਫਰਾਂ ਵਿੱਚ ਉਪਜੀ ਕੌਮੀ ਜਾਗ੍ਰਿਤੀ, ਬਾਬਾ ਭਕਨਾ ਨਾਲ ਹੋਈ ਗੱਲਬਾਤ ਤੇ ਕੋਬੀ ਦੇ ਦੂਤ ਰਾਹੀਂ ਖੜਕਾਈਆਂ ਤਾਰਾਂ ਆਦਿ ਨੇ ਮੁਸਾਫਰਾਂ ਨੂੰ ਸਪੱਸ਼ਟ ਸੰਕੇਤ ਦੇ ਦਿੱਤੇ ਕਿ ਹਿੰਦ ਪਹੁੰਚ ਕੇ ਉਹਨਾਂ ਨਾਲ ਕੀ ਕੁਝ ਵਾਪਰਨ ਵਾਲਾ ਸੀ। ਇਸਦੇ ਮੱਦੇਨਜ਼ਰ ਜਹਾਜ਼ ਦੇ ਕੁਝ ਆਗੂਆਂ ਨੇ ਰਾਹ ਵਿੱਚ ਪੈਂਦੇ ਹਿੰਦੀ ਅੱਡਿਆਂ ’ਤੇ ਆਪਣੇ ਲੋਕਾਂ ਨੂੰ ਜਾਗਰੂਕ ਕਰਨ ਦਾ ਪ੍ਰਬੰਧ ਕੀਤਾ ਤੇ ਜਹਾਜ਼ ਦੇ ਮੁਸਾਫਰਾਂ ਨੂੰ ਜਵਾਹਰ ਮੱਲ ਨੇ ਵਲਵਲੇ ਭਰਪੂਰ ਲੈਕਚਰ ਦਿੱਤੇ ਤਾਂ ਕਿ ਉਹ ਹਾਲਾਤ ਦੇ ਟਾਕਰੇ ਲਈ ਤਿਆਰ ਰਹਿਣ। ਸਰਕਾਰ ਨੇ ਇਸ ਵਿਅਕਤੀ ਨੂੰ ਅਤੀ ਖਤਰਨਾਕ ਠਹਿਰਾਇਆ ਸੀ।

ਮੁਕਦੀ ਗੱਲ ਸਿੰਘਾਪੁਰ ਦੇ ਹਾਕਮਾਂ ਦੇ ਵਰਤਾਉ ਤੋਂ ਮੁਸਾਫਰਾਂ ਨੂੰ ਸਰਕਾਰ ਵੱਲੋਂ ਆਪਣੇ ਨਾਲ ਹੋਣ ਵਾਲੇ ਸਲੂਕ ਬਾਰੇ ਹੋਰ ਵੀ ਪੱਕਾ ਹੋ ਗਿਆ ਸੀ।

ਹਿੰਦ ਸਰਕਾਰ ਨੂੰ ਸਿੰਘਾਪੁਰ ਦੇ ਗਵਰਨਰ ਵੱਲੋਂ ਤਾਰ ਆ ਗਈ ਕਿ ਜਹਾਜ਼ 19 ਸਤੰਬਰ ਨੂੰ ਹਿੰਦੋਸਤਾਨ ਵੱਲ ਤੁਰ ਪਿਆ ਹੈ, ਨਾਲ ਹੀ ਉਹ ਦੋ ਤਾਰਾਂ ਵੀ ਭੇਜ ਦਿੱਤੀਆਂ, ਜੋ ਬਾਬਾ ਗੁਰਦਿੱਤ ਸਿੰਘ ਨੇ ਕਲਕੱਤੇ ਦੇ ਬੰਗਾਲੀ ਅਖਬਾਰ ਦੇ ਐਡੀਟਰ ਤੇ ਦੂਜੀ ਸਰਦਾਰ ਹਰਚੰਦ ਸਿੰਘ ਲਾਇਲਪੁਰੀ ਨੂੰ ਦੇਣ ਵਾਸਤੇ ਸਿੰਘਾਪੁਰ ਦੇ ਇਕ ਸਰਕਾਰੀ ਕਰਮਚਾਰੀ ਨੂੰ ਦਿੱਤੀਆਂ ਸਨ। ਹਿੰਦ ਸਰਕਾਰ ਨੇ ਇਹ ਦੋਵੇਂ ਤਾਰਾਂ ਰੋਕ ਲਈਆਂ। ਇਹਨਾਂ ਦੋਹਾਂ ਤਾਰਾਂ ਦਾ ਮਜ਼ਬੂਨ ਉਹੀ ਸੀ ਕਿ—

“ਹਿੰਦੀ ਆਗੂ ਕਾਮਾਗਾਟਾਮਾਰੂ ਦੇ ਮੁਸਾਫਰਾਂ ਨੂੰ ਮਿਲਣ, ਜੋ ਕਿ 28 ਸਤੰਬਰ ਨੂੰ ਕਲਕੱਤਾ ਪਹੁੰਚ ਰਿਹਾ ਹੈ ਅਤੇ ਸਰਕਾਰ ਨੂੰ ਅਨੁਰੋਧ ਕਰਨ ਕਿ ਇਹਨਾਂ ਦੀਆਂ ਮੁਸ਼ਕਲਾਂ ਬਾਰੇ ਤਹਿਕੀਕਾਤ ਕਰੇ ਤੇ ਜੋ ਹੋਰ ਮੁਨਾਸਬ ਸਮਝਣ ਜ਼ਰੂਰ ਹੀ ਉਹ ਕਦਮ ਉਠਾਉਣ।”

ਉਧਰ ਸਰਕਾਰ ਮੁਸਾਫਰਾਂ ਨਾਲ ਸਿਝਣ ਲਈ ਕੇਂਦਰੀ ਸੀ.ਆਈ.ਡੀ. ਵੱਲੋਂ ਵ.ਅ. ਸਲੋਕੌਕ (Slocock), ਪੰਜਾਬ ਸਰਕਾਰ ਵੱਲੋਂ ਜਲੰਧਰ ਦਾ ਡੀ.ਸੀ. ਹਮਫਰੀਜ਼ (Humphreys) ਸੀ.ਆਈ.ਡੀ. ਦੇ ਪੈਟਰੀ (Petrie) ਤੇ ਸੁਖਾ ਸਿੰਘ, ਬੰਗਾਲ ਸਰਕਾਰ ਵੱਲੋਂ 24 ਪਰਗਨੇ ਦਾ ਜ਼ਿਲ੍ਹਾ ਮੈਜਿਸਟਰੇਟ ਡੋਨਲਡ (Donald), ਕਲਕੱਤਾ ਘਾਟ ਦੀ ਪੁਲਿਸ ਦੇ ਡਿਪਟੀ ਕਮਿਸ਼ਨਰ ਆਨਲੇ (Anlei) ਤੇ ਘਾਟਾਂ ਦੇ ਮਹਿਕਮੇ ਦੇ ਡਾਕਟਰ ਹੋਸੈਕ (Hossack) ਨੂੰ ਕਾਲਪੀ ਭੇਜਿਆ ਗਿਆ।

**ਬਜਬਜ ਘਾਟ ਦਾ ਖ਼ੂਨੀ ਸਾਕਾ**

26 ਸਤੰਬਰ 1914 ਨੂੰ ਪਾਈਲਾਟ ਨੇ ਆਏ ਜਹਾਜ਼ਾਂ ਦੀ ਦੇਖ ਭਾਲ ਕਰਨ ਵਾਲੀ ਥਾਂ ਕਾਲਪੀ ਦੇ ਸਥਾਨ ਤੇ ਜਹਾਜ਼ ਨੂੰ ਖੜ੍ਹਾ ਕਰ ਲਿਆ। ਜਹਾਜ਼ ਖੜ੍ਹਾ ਹੁੰਦਿਆਂ ਹੀ ਪੁਲਿਸ ਉਤੇ ਆ ਚੜ੍ਹੀ। ਹਰ ਜਗ੍ਹਾ ਪੁਲਸੀ ਪਹਿਰੇ ਖੜ੍ਹੇ ਕਰ ਦਿੱਤੇ। ਮੁਸਾਫਰਾਂ ਨੂੰ ਆਪਣੀ ਕਿਸਮਤ ਦਿਸ ਪਈ। ਰਾਤ ਪਹਿਰੇ ਹੇਠਾਂ ਹੀ ਲੰਘੀ। ਅਗਲੇ ਸਵੇਰੇ 27 ਸਤੰਬਰ ਨੂੰ ਇਕ ਹੋਰ ਕਿਸ਼ਤੀ ਆਈ, ਉਸ ਤੋਂ ਉਤਰਕੇ ਉਤੇ ਲਿਖੇ ਅਫਸਰ ਜਹਾਜ਼ ਉੱਤੇ ਚੜ੍ਹ ਆਏ, ਜਿਨ੍ਹਾਂ ਨਾਲ ਬਹੁਤ ਸਾਰੇ ਚਿਟ ਕਪੜੀਏ ਪੰਜਾਬੀ ਪੁਲਸੀਏ ਵੀ ਸਨ। ਇਹ ਸਾਰਾ ਦਿਨ ਤਲਾਸ਼ੀ ਲੈਂਦੇ ਰਹੇ। ਪਰ ਕੋਈ ਇਤਰਾਜ਼ ਵਾਲੀ ਚੀਜ਼ ਨਾ ਲੱਭੀ। 28 ਤਰੀਕ ਨੂੰ ਫੇਰ ਇਹੀ ਲੋਕ ਵਰਦੀਆਂ ਪਾ ਕੇ ਆ ਗਏ ਤੇ ਜਹਾਜ਼ ਦੀ ਥਾਂ ਥਾਂ ਦੇਖੀ ਤੇ ਭਾਲੀ, ਮਾਲ ਅਸਬਾਬ ਫੋਲ ਕੇ ਡਿਠਾ ਤੇ ਮੁਸਾਫਰਾਂ ਦੀ ਜਾਮਾ ਤਲਾਸ਼ੀ ਲਈ ਪਰ ਹੱਥ ਕੁਝ ਵੀ ਨਾ ਲੱਗਾ। ਰਾਤ ਨੂੰ ਫੇਰ ਪਹਿਰੇ ਲਾ ਕੇ ਅਫਸਰ ਚਲੇ ਗਏ। ਅਗਲੇ ਦਿਨ 29 ਸਤੰਬਰ ਨੂੰ ਜਹਾਜ਼ ਨੂੰ ਉਥੋਂ ਤੋਰ ਕੇ ਕਲਕੱਤੇ ਤੋਂ 17 ਮੀਲ ਥੱਲੇ ਬਜ ਬਜ ਘਾਟ ’ਤ ਲਿਜਾ ਲਾਇਆ।

ਹਿੰਦ ਸਰਕਾਰ ਤੇ ਪੰਜਾਬ ਸਰਕਾਰ ਨੇ ਇਹ ਫੈਸਲਾ ਕਰ ਲਿਆ ਸੀ ਕਿ ਇਹਨਾਂ ਮੁਸਾਫਰਾਂ ਨੂੰ ਪੰਜਾਬ ਤੇ ਕਲਕੱਤੇ ਵਿਚ ਖੁੱਲ੍ਹਾ ਨਾ ਫਿਰਨ ਦਿੱਤਾ ਜਾਵੇ। ਇਹ ਲੋਕ ਸਰਕਾਰ ਦੇ ਖਿਲਾਫ ਲੋਕਾਂ ਨੂੰ ਭੜਕਾਉਣਗੇ। ਇਸ ਲਈ ਇਹਨਾਂ ਮੁਸਾਫਰਾਂ ਨੂੰ ਆਉਂਦਿਆਂ ਹੀ ਹਿਰਾਸਤ ਵਿੱਚ ਲੈ ਲਿਆ ਜਾਵੇ ਤੇ ਇਹਨਾਂ ਵਿੱਚੋਂ ਖਰੂਦੀਆਂ ਨੂੰ ਆਪਣੇ ਨਵੇਂ ਜਾਰੀ ਕੀਤੇ ਫੁਰਮਾਨ ਰਾਹੀਂ ਜੇਲ੍ਹਾਂ ਜਾਂ ਪਿੰਡਾਂ ਵਿਚ ਬੰਦ ਕਰ ਦਿੱਤਾ ਜਾਵੇ। ਮੁਸਾਫਰਾਂ ਦੀ ਛਾਣਬੀਣ ਤੇ ਇਹਨਾਂ ਤੋਂ ਪੁਛ ਪੜਤਾਲ ਕਰਨ ਲਈ ਲੁਧਿਆਣੇ ਦਾ ਜ਼ੇਲ੍ਹਘਰ ਨਿਯਤ ਕੀਤਾ ਗਿਆ। ਜਿਥੇ ਇਹਨਾਂ ਮੁਸਾਫਰਾਂ ਤੇ ਬਾਅਦ ਵਿਚ ਬਾਹਰੋਂ ਆਇਆਂ ਗਦਰੀਆਂ ਨੂੰ ਵਲ ਕੇ ਲਿਆਇਆ ਜਾਂਦਾ ਰਿਹਾ।

27 ਤਰੀਕ ਨੂੰ ਹੀ ਇਹਨਾਂ ਅਫਸਰਾਂ ਨੇ ਸਲਾਹ ਕਰ ਲਈ ਕਿ ਜਹਾਜ਼ ਦੇ ਤੁਰਦੇ ਫਿਰਦੇ ਬੰਦੇ ਬਾਬਾ ਗੁਰਦਿੱਤ ਸਿੰਘ, ਦਲਜੀਤ ਸਿੰਘ, ਅਮੀਰ ਮੁਹੰਮਦ ਖਾਂ, ਪੋਹਲੋ ਰਾਮ, ਜਵਾਹਰ ਮਲ, ਨਾਰਾਇਣ ਦਾਸ ਤੇ ਹਰਨਾਮ ਸਿੰਘ ਗੁਜ਼ਰਵਾਲ ਨੂੰ ਗ੍ਰਿਫ਼ਤਾਰ ਕਰ ਲਿਆ ਜਾਏ ਤੇ ਬਾਕੀ ਦਿਆਂ ਨੂੰ ਬਜ ਬਜ ਤੋਂ ਹੀ ਜਹਾਜ਼ੋਂ ਉਤਾਰ ਕੇ ਗੱਡੀ ਵਿਚ ਬੰਦ ਕਰਕੇ ਪੰਜਾਬ ਲੈ ਜਾਇਆ ਜਾਏ। ਇਸ ਸਲਾਹ ਨੂੰ ਸਿਰੇ ਚਾੜ੍ਹਨ ਲਈ, ਬਜ ਬਜ ਦੇ ਰੇਲਵੇ ਸਟੇਸ਼ਨ ਉਤੇ ਇਕ ਸਪੈਸ਼ਲ ਗੱਡੀ ਅੱਗੇ ਹੀ ਤਿਆਰ ਕੀਤੀ ਖੜ੍ਹੀ ਸੀ।

ਤਲਾਸ਼ੀ ਵਿੱਚ ਮੁਕੱਦਮਿਆਂ ਵਿੱਚ ਵਰਤੇ ਜਾਣ ਵਾਲਾ ਹੋਰ ਤਾਂ ਕੁਝ ਨਾ ਲੱਭਾ, ਪਰ ਬਾਬਾ ਗੁਰਦਿੱਤ ਸਿੰਘ ਦੀ ਇਕ ਪੇਟੀ ਵਿੱਚੋਂ ਬਹੁਤ ਸਾਰਾ ਰੁਪਿਆ ਹੱਥ ਆਇਆ। ਇਕ ਝੋਲੇ ਵਿੱਚ ਕਈ ਸੈਂਕੜੇ ਸੋਨੇ ਦੇ ਪੌਂਡ ਸਨ। ਕੁਝ ਹਿੰਦੁਸਤਾਨੀ ਰੁਪਿਆ ਨਕਦ ਤੇ ਨੋਟਾਂ ਦੀ ਸ਼ਕਲ ਵਿਚ ਸੀ। ਇਕ ਦੋ ਵੱਡੇ ਵੱਡੇ ਬੰਡਲ ਜਾਪਾਨੀ ਨੋਟਾਂ ਦੇ ਸਨ। ਇਹ ਮਾਲ ਮੁੜ ਪੇਟੀਆਂ ਵਿੱਚ ਰੱਖ ਕੇ ਜੰਦਰੇ ਮਾਰ ਕੇ ਮੋਹਰਾਂ ਲਾ ਦਿੱਤੀਆਂ ਗਈਆਂ। ਤਲਾਸ਼ੀ ਐਨੀ ਅਚਾਨਕ ਤੇ ਬਿਨਾਂ ਦੱਸਿਆਂ ਕੀਤੀ ਗਈ ਸੀ ਕਿ ਕਿਸੇ ਨੂੰ ਕੋਈ ਚੀਜ਼ ਛੁਪਾਉਣ ਦਾ ਮੌਕਾ ਨਹੀਂ ਮਿਲਿਆ। ਹਨੇਰਾ ਹੋਣ ਕਰਕੇ ਪੇਟੀਆਂ ਬਾਬਾ ਗੁਰਦਿੱਤ ਸਿੰਘ ਦੇ ਕਮਰੇ ਵਿੱਚ ਰੱਖ ਕੇ ਤਾਲਾ ਮਾਰ ਦਿੱਤਾ ਤੇ ਬਾਹਰ ਦੋ ਅਫਸਰਾਂ ਦਾ ਪਹਿਰਾ ਲਾ ਦਿੱਤਾ ਗਿਆ। ਜਹਾਜ਼ ਉੱਤੇ ਦੋ ਬੱਚਿਆਂ ਸਣੇ 321 ਮੁਸਾਫਰ ਸਨ।

ਬਜ ਬਜ ਲਿਆ ਕੇ ਮੁਸਾਫਰਾਂ ਨੂੰ ਜਹਾਜ਼ ਤੋਂ ਉਤਰਨ ਤੇ ਸਟੇਸ਼ਨ ਉੱਤੇ ਤਿਆਰ ਖਲੋਤੀ ਗੱਡੀ ਤੇ ਚੜ੍ਹ ਜਾਣ ਲਈ ਆਖਿਆ ਗਿਆ। ਮੁਸਾਫਰਾਂ ਨੇ ਇਨਕਾਰ ਕਰ ਦਿੱਤਾ ਤੇ ਆਖਿਆ ਕਿ ਉਹਨਾਂ ਤਾਂ ਕਲਕੱਤੇ ਜਾਣਾ ਹੈ। ਆਪਣੀ ਮਰਜ਼ੀ ਨਾਲ ਜਾਣਗੇ। ਬਜ ਬਜ ਤੋਂ ਗੱਡੀ ਪੰਜਾਬ ਨਹੀਂ ਜਾਂਦੀ, ਹਾਵੜੇ ਤੋਂ ਜਾਂਦੀ ਸੀ। ਮੁਸਾਫਰਾਂ ਨੂੰ ਫੜ੍ਹੇ ਜਾਨ ਤੇ ਜੇਲ੍ਹਾਂ ਵਿੱਚ ਡੱਕੇ ਜਾਣ ਦਾ ਡਰ ਸੀ। ਅਫਸਰਾਂ ਨੇ ਬਥੇਰਾ ਸਮਝਾਇਆ, ਪਰ ਮੁਸਾਫਰ ਨਾ ਮੰਨੇ। ਅਖੀਰ ਉਹਨਾਂ ਨੂੰ ਜ਼ਬਰਦਸਤੀ ਉਤਾਰਨ ਦਾ ਫੈਸਲਾ ਕੀਤਾ ਗਿਆ। ਇਕ ਅਫਸਰ ਪਿਸਤੌਲ ਲੈ ਕੇ ਖਲੋ ਗਿਆ। ਪੁਲਸੀਆਂ ਨੇ ਰਫਲਾਂ ਸੂਤ ਲਈਆਂ। ਮੁਸਾਫਰਾਂ ਨੂੰ ਪੰਦਰਾਂ ਮਿੰਟ ਦੀ ਮੋਹਲਤ ਦਿੱਤੀ ਗਈ। ਮੁਸਾਫਰਾਂ ਨੇ ਆਪਸ ਵਿਚ ਸਲਾਹ ਕੀਤੀ। ਫੈਸਲਾ ਹੋਇਆ ਕਿ ਜਹਾਜ਼ ਉਤੋਂ ਉਤਰ ਜਾਉ। ਫੇਰ ਹੇਠਾਂ ਧਰਤੀ ਤੇ ਜਾ ਕੇ ਵੇਖੀ ਜਾਉ। ਜਹਾਜ਼ ਉਤੋਂ ਫੱਟਾ ਘਾਟ 'ਤੇ ਲਾ ਦਿੱਤਾ ਗਿਆ। ਇਕ ਇਕ ਕਰਕੇ ਮੁਸਾਫਰ ਉਤਰਨ ਲੱਗ ਪਏ। ਕਿਸੇ ਮੁਸਾਫਰ ਨੂੰ ਆਪਣਾ ਸਾਮਾਨ ਨਹੀਂ ਚੁੱਕਣ ਦਿੱਤਾ ਗਿਆ ਤੇ ਆਖਿਆ ਗਿਆ ਕਿ ਸਾਮਾਨ ਆਪੇ ਤੁਹਾਡੇ ਪਾਸ ਆ ਜਾਏਗਾ। ਪਰ ਮੁਸਾਫਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਚੁੱਕ ਲਈ ਤੇ ਇਕ ਇਕ ਕਰਕੇ ਸਭ ਹੇਠਾਂ ਉਤਰ ਗਏ।

ਲਾਗੇ ਹੀ ਸਜੇ ਹੱਥ ਸਾਹਮਣੇ ਸਟੇਸ਼ਨ ਸੀ। ਸਟੇਸ਼ਨ ਤੋਂ ਦੱਖਣ ਵੱਲ ਪਲੇਟਫਾਰਮ ਦੇ ਜੰਗਲੇ ਦੇ ਨਾਲ ਲੱਗਦੀ ਸੜਕ ਰੇਲ ਦੀ ਲਾਈਨ ਟੱਪ ਕੇ ਸਟੇਸ਼ਨ ਦੇ ਉੱਤੋਂ ਦੀ ਹੋ ਕੇ ਕਲਕੱਤੇ ਨੂੰ ਜਾਂਦੀ ਸੀ। ਮੁਸਾਫਰਾਂ ਨੂੰ ਹੇਠਾਂ ਲਿਆ ਕੇ ਅਫਸਰਾਂ ਨੇ ਉਹਨਾਂ ਨੂੰ ਗੱਡੀ ਚੜ੍ਹਨ ਦਾ ਹੁਕਮ ਦਿੱਤਾ। ਮੁਸਾਫ਼ਰ ਗੱਡੀ ਚੜ੍ਹਨਾ ਨਹੀਂ ਚਾਹੁੰਦੇ ਸਨ। ਗੱਡੀ ਪਲੇਟਫਾਰਮ 'ਤੇ ਖੜ੍ਹੀ ਚੀਕਾਂ ਮਾਰਦੀ ਸੀ। ਜਹਾਜ਼ ਤੋਂ ਉਤਰਕੇ ਮੁਸਾਫਰਾਂ ਦੀ ਫੇਰ ਅਫਸਰਾਂ ਨਾਲ ਗਰਮੋ ਗਰਮੀ ਹੋਈ ਤੇ ਮੁਸਾਫਰਾਂ ਨੇ ਗੱਡੀ ਨਾ ਚੜ੍ਹਨ 'ਤੇ ਕਲਕੱਤੇ ਜਾਣ ਦਾ ਦਾਈਆ ਨਾ ਛੱਡਿਆ।

ਜਹਾਜ਼ੋਂ ਉਤਰਕੇ ਮੁਸਾਫਰਾਂ ਦਾ ਅਫਸਰਾਂ ਨਾਲ ਫੇਰ ਇਟ ਖੜੱਕਾ ਹੋਇਆ। ਮੁਸਾਫਰਾਂ ਨੇ ਗੱਡੀ ਚੜ੍ਹਨੋਂ ਨਾਂਹ ਕਰ ਦਿੱਤੀ ਤੇ ਕਲਕੱਤੇ ਜਾਣ ਲਈ ਡੱਟ ਗਏ ਤੇ ਇਸ ਗਲ ਉਤੇ ਜ਼ੋਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਕਲਕੱਤੇ ਵਿਚ ਕਿਸੇ ਗੁਰਦੁਆਰੇ ਰੱਖ ਕੇ ਫੇਰ ਪੰਜਾਬ ਨੂੰ ਜਾਣਗੇ। ਉਹਨਾਂ ਦੇ ਕਲਕੱਤੇ ਆਪਣੇ ਕਈ ਕੰਮ ਸਨ। ਮੁਸਾਫਰ ਕੋਈ ਦੋ ਕੁ ਵਜੇ ਜਹਾਜ਼ ਤੋਂ ਉਤਰੇ ਤੇ ਨਾਲ ਹੀ ਸਟੇਸ਼ਨ ਤੋਂ ਬਾਹਰ ਮੈਦਾਨ ਵਿਚ ਗੁਰੂ ਗ੍ਰੰਥ ਸਾਹਿਬ ਰੱਖ ਕੇ ਦੀਵਾਨ ਲਾ ਕੇ ਬੈਠ ਗਏ। ਸ਼ਬਦ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਅਫਸਰ ਤੇ ਪੁਲਸ ਦੁਆਲੇ ਖੜੇ ਬਿਟਰ ਬਿਟਰ ਤੱਕ ਰਹੇ ਸਨ ਤੇ ਉਹਨਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਅਖੀਰ ਤਿੰਨ ਚਾਰ ਵਜੇ ਦੇ ਕਰੀਬ ਮੁਸਾਫਰਾਂ ਸਲਾਹ ਕੀਤੀ ਤੇ ਉੱਠ ਕੇ ਸ਼ਬਦ ਪੜ੍ਹਦੇ ਕਲਕੱਤੇ ਵਾਲੀ ਸੜਕ 'ਤੇ ਹੋ ਤੁਰੇ। ਅਫਸਰਾਂ ਨੇ ਅੱਗੇ ਹੋਕੇ ਘੇਰਿਆ, ਸਮਝਾਇਆ ਤੇ ਝਿੜਕਿਆ ਕਿ ਸਰਕਾਰ ਦਾ ਹੁਕਮ ਮਨ ਤੇ ਗੱਡੀ ਉੱਤੇ ਚੜ੍ਹ ਜਾਓ। ਸਟੇਸ਼ਨ ਦੇ ਬਰਾਬਰ ਆ ਕੇ ਸ਼ਾਹਪੁਰ ਜ਼ਿਲ੍ਹੇ ਦੇ 17 ਛਾਛੀ ਤੇ ਭਾਨ ਸਿੰਘ ਬੜਿੰਗ (ਜਲੰਧਰ) ਅਤੇ ਪੋਹਲੋਰਾਮ ਆਨੰਦਪੁਰ (ਹੁਸ਼ਿਆਰਪੁਰ) ਦੇ 30 ਸਾਥੀ ਗੱਡੀ ਵਿੱਚ ਬੈਠ ਗਏ। ਕੁਝ ਪੁਲਸ ਨੇ ਹੋਰ ਮੋੜ ਲਏ। ਇਸ ਤਰ੍ਹਾਂ 59 ਆਦਮੀ ਇਕ ਤੀਵੀਂ ਤੇ ਦੋ ਬੱਚੇ ਗੱਡੀ ਵਿੱਚ ਬਿਠਾ ਲਏ। ਗੱਡੀ ਪੰਜਾਬ ਨੂੰ ਤੋਰ ਦਿੱਤੀ ਗਏ। ਬਾਕੀ 260 ਮੁਸਾਫਰ ਪੁਲਸ ਦਾ ਘੇਰਾ ਤੋੜ ਕੇ ਕਲਕੱਤੇ ਨੂੰ ਤੁਰ ਪਏ।

ਜਦ ਮੁਸਾਫਰ ਸਟੇਸ਼ਨੋ ਨਿਕਲ ਤੁਰੇ ਤਾਂ ਅਫਸਰਾਂ ਨੇ ਜਲੂਸ ਨੂੰ ਅੱਗੇ ਹੋ ਕੇ ਰੋਕਿਆ। ਪੰਜਾਬ ਪੁਲਿਸ ਦਾ ਪੈਟਰੀ ਤਾਂ ਪਿਸਤੌਲ ਤਾਨ ਕੇ ਜਲੂਸ ਦੇ ਅੱਗੇ ਹੋ ਗਿਆ ਤੇ ਮੁਸਾਫਰਾਂ ਨੂੰ ਧਮਕਾਉਣ ਲੱਗਾ। ਭਾਈ ਅਮਰ ਸਿੰਘ ਨਿਹੰਗ ਤੇ ਭਾਈ ਇੰਦਰ ਸਿੰਘ ਸੀਦੋ ਜਲੰਧਰ ਨੇ ਕਮੀਜ਼ਾਂ ਦੇ ਬੀੜੇ ਖੋਲ੍ਹ ਦਿੱਤੇ ਤੇ ਪਿਸਤੌਲ ਦੇ ਅੱਗੇ ਛਾਤੀਆਂ ਡਾਹ ਕੇ ਕੜਕ ਕੇ ਆਖਿਆ, "ਲੈ ਮਾਰ!" ਗੋਰੇ ਅਫਸਰ ਦੀ ਖਾਨਿਓਂ

ਗਈ ਤੇ ਉਹ ਪਿਸਤੌਲ ਨੀਵਾਂ ਕਰਕੇ ਅੱਗੋਂ ਹੱਟ ਗਿਆ। ਜਲੂਸ ਰਵਾਂ ਰਵੀਂ ਕਲਕੱਤੇ ਨੂੰ ਤੁਰੀ ਗਿਆ। ਅਫਸਰ ਤੇ ਪੁਲਸ ਪਿੱਛੇ ਪਿੱਛੇ ਤੁਰ ਪਏ।

ਅਫਸਰਾਂ ਨੇ ਕਲਕੱਤੇ ਨੂੰ ਤਾਰਾਂ ਖੜਕਾਈਆਂ। ਉਥੋਂ ਦੋ ਪਲਟੂਨਾਂ ਗੋਰਿਆਂ ਦੇ ਤੋਪਖਾਨੇ ਦੀਆਂ ਮੰਗਵਾਈਆਂ ਗਈਆਂ ਤੇ ਸੁਪਰਡੰਟ ਈਸਟਵੁੱਡ 30 ਗੋਰੇ ਪੁਲਸੀਏ ਲੈ ਕੇ ਆਇਆ। ਪੰਜ ਵਜ ਚੁੱਕੇ ਸਨ। ਗੋਰਾ ਪੁਲਿਸ ਦੇ ਚਾਰ ਪੰਜ ਸਾਰਜੰਟ ਪਿਸਤੌਲਾਂ ਨਾਲ ਸਨ ਤੇ ਬਾਕੀ ਸਿਪਾਹੀਆਂ ਪਾਸ ਲਾਠੀਆਂ ਸਨ। ਇਹਨਾਂ ਨੇ ਬਜ ਬਜ ਤੋਂ ਚਾਰ ਮੀਲ ਉਰੇ ਕਲਕੱਤੇ ਵੱਲ ਆ ਕੇ ਜਲੂਸ ਨੂੰ ਆ ਰੋਕਿਆ। ਇਸ ਪੁਲਸ ਦੇ ਮੋਹਰੀ ਬੰਗਾਲ ਸਰਕਾਰ ਦਾ ਚੀਫ ਸਕੱਤਰ ਕਮਿੰਗ ਤੇ ਗਵਰਨਰ ਦੀ ਕੌਂਸਲ ਦਾ ਮੈਂਬਰ ਵਿਲਿਅਮ ਡਿਊਕ ਸਨ। ਜਲੂਸ ਨੇ ਅਗਾਂਹ ਨਿਕਲ ਜਾਣਾ ਚਾਹਿਆ ਪਰ ਵਿਲੀਅਮ ਡਿਊਕ ਨੇ ਅੱਗੇ ਹੋ ਕੇ ਡਕ ਲਿਆ ਤੇ ਜਲੂਸ ਨੂੰ ਪਿੱਛਾਂ ਬਜ ਬਜ ਮੁੜ ਜਾਣ ਵਾਸਤੇ ਆਖਿਆ। ਬਾਬਾ ਗੁਰਦਿੱਤ ਸਿੰਘ ਨੇ ਦੱਸਿਆ ਕਿ ਮੁਸਾਫਰਾਂ ਦਾ ਬੜਾ ਨੁਕਸਾਨ ਤੇ ਜਾਤੀ ਤੇ ਕੌਮੀ ਅਪਮਾਨ ਹੋਇਆ ਹੈ। ਜਲੂਸ ਬੰਗਾਲ ਦੇ ਗਵਰਨਰ ਨਾਲ ਗੱਲਬਾਤ ਕਰਨ ਤੇ ਆਪਣੀਆਂ ਸ਼ਕਾਇਤਾਂ ਉਸ ਅੱਗੇ ਰੱਖਣ ਲਈ ਕਲਕੱਤੇ ਜਾ ਰਿਹਾ ਹੈ। ਅੱਗੋਂ ਅਫਸਰ ਨੇ ਜਵਾਬ ਦਿੱਤਾ ਕਿ—

"ਗਵਰਨਰ ਨੇ ਮੈਨੂੰ ਭੇਜਿਆ ਹੈ, ਮੇਰੇ ਨਾਲ ਗੱਲ ਕਰੋ। ਪਰ ਏਥੇ ਨਹੀਂ, ਬਜ ਬਜ ਦੇ ਸਟੇਸ਼ਨ 'ਤੇ ਜਾ ਕੇ।"

ਮੁਸਾਫਰਾਂ ਨੇ ਇਕ ਦੂਜੇ ਵੱਲ ਵੇਖਿਆ। ਗੋਰਾ ਪੁਲਸ ਦੇ ਘੇਰੇ ਵਲ ਵੇਖਿਆ, ਪਿੱਛੇ ਗੋਰਾ ਫੌਜ ਨੂੰ ਆਉਂਦੀ ਦੇਖਿਆ। ਸਭ ਨੇ ਜਾਚਿਆ ਕਿ ਕਲਕੱਤੇ ਨਹੀਂ ਜਾਇਆ ਜਾਣਾ, ਪਿੱਛਾਂਹ ਹੀ ਮੁੜੋ।

ਜਲੂਸ ਫਿਰ ਪਿਛਾਂਹ ਨੂੰ ਮੁੜਿਆ। ਸਾਰਾ ਦਿਨ ਪੁਲਸ ਤੇ ਅਫਸਰਾਂ ਦੇ ਜਮਦੂਤੀ ਘੇਰੇ, ਘੂਰ ਘੱਪ, ਜੱਕੋ ਤੱਕੀਆਂ, ਹੰਗਾਮੇ, ਰੋਹ, ਗੁੱਸੇ, ਮਾਯੂਸੀ ਤੇ ਸਫ਼ਰ ਵਿਚ ਲੰਘ ਗਿਆ। ਰਾਤ ਦਾ ਰੋਟੀ ਪਾਣੀ ਖਾਧਾ ਹੋਇਆ ਸੀ। ਪਾਣੀ ਦੀ ਪਿਆਸ ਨੇ ਬਹੁਤ ਸਤਾਇਆ, ਜਦੋਂ ਕੋਈ ਮੁਸਾਫਰ ਪਾਣੀ ਪੀਣ ਜਾਂ ਪੇਸ਼ਾਬ ਕਰਨ ਠਹਿਰਦਾ ਤਾਂ ਪੁਲਸ ਉਸ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੀ, ਧੱਕੇ ਤੇ ਠੁੱਡੇ ਮਾਰਦੀ ਤੇ ਬੇਇੱਜ਼ਤੀ ਕਰਦੀ। ਇਥੋਂ ਤੱਕ ਕਿ ਬਾਬਾ ਗੁਰਦਿੱਤ ਸਿੰਘ ਦੇ ਛੋਟੇ ਕਾਕੇ ਨੂੰ ਵੀ ਪਾਣੀ ਨਾ ਪਿਆਉਣ ਦਿਤਾ ਗਿਆ।

ਜਲੂਸ ਦੇ ਅੱਗੇ ਅੱਗੇ ਅਫਸਰ ਦੇ ਪਿੱਛੇ ਪਿੱਛੇ ਪੰਜਾਬੀ ਤੇ ਗੋਰਾ ਪੁਲਸ ਇਕ ਤਰ੍ਹਾਂ ਜਲੂਸ ਨੂੰ ਖਿੱਚੀ ਤੇ ਧੱਕੀ ਤੁਰੇ ਜਾ ਰਹੇ ਸਨ। ਪਹਿਲਾਂ ਪੁਲਿਸ ਤੇ ਅਫਸਰਾਂ ਨੂੰ ਜਲੂਸ ਖਿੱਚੀ ਲਈ ਜਾਂਦਾ ਸੀ ਤੇ ਹੁਣ ਪੁਲਿਸ। ਸਾਢੇ ਛੇ ਜਾਂ ਸੱਤ ਵਜੇ ਦੇ ਕਰੀਬ ਜਲੂਸ ਰੇਲ ਦਾ ਫਾਟਕ ਲੰਘ ਕੇ ਮੁੜ ਸਟੇਸ਼ਨ 'ਤੇ ਆ ਗਿਆ। ਕਈ ਮੁਸਾਫ਼ਰ ਦਾਅ ਲਾ ਕੇ ਰਾਹ ਵਿੱਚੋਂ ਹੀ ਖਿਸਕ ਗਏ ਸਨ।

ਗੱਡੀ ਜਾ ਚੁੱਕੀ ਸੀ। ਅਫਸਰ ਹੋਰ ਗੱਡੀ ਦਾ ਇੰਤਜ਼ਾਮ ਕਰਨ ਜਾਂ ਰਾਤ ਮੁਸਾਫਰਾਂ ਨੂੰ ਜਹਾਜ਼ ਵਿੱਚ ਲੱਦ ਕੇ ਰੋਕੀ ਰੱਖਣ ਦੀਆਂ ਸਲਾਹਵਾਂ ਕਰਨ ਲੱਗ ਪਏ। ਮੁਸਾਫਰ ਦਿਨ ਦੀ ਮਾਰੋ ਮਾਰ ਤੋਂ ਬਾਅਦ ਸਾਹ ਲੈਣ ਲਈ ਸਟੇਸ਼ਨੋਂ ਬਾਹਰ ਦੱਖਣ ਵਲ ਜੰਗਲੇ ਤੋਂ ਥੋਹੜਾ ਕੁ ਹੱਟ ਕੇ ਗੁਰੂ ਗ੍ਰੰਥ ਸਾਹਿਬ ਦਾ ਸੁਖ ਆਸਨ ਕਰਕੇ ਬਹਿ ਗਏ ਤੇ ਸ਼ਬਦ ਪੜ੍ਹਨ ਲੱਗ ਪਏ।

ਜਦ ਸਵਾ ਸੱਤ ਵਜ ਗਏ, ਹਨ੍ਹੇਰਾ ਹੋ ਗਿਆ, ਚੰਦ ਚੜ੍ਹਨ ਲੱਗਾ ਤਾਂ ਅਫਸਰਾਂ ਨੇ ਗੋਰਾ ਪੁਲਸ ਦੇ ਸੁਪਰਡੰਟ ਈਸਟਵੁੱਡ ਨੂੰ ਬਾਬਾ ਗੁਰਦਿੱਤ ਸਿੰਘ ਨੂੰ ਲੈ ਆਉਣ ਲਈ ਭੇਜਿਆ। ਉਹ ਬਾਬਾ ਜੀ ਨੂੰ ਵਾਜਾਂ ਮਾਰਦਾ ਦਬਾਦਬ ਅੰਨ੍ਹੇਵਾਹ ਦੀਵਾਨ ਵਿਚ ਸੋਟੀ ਘੁਮਾਉਂਦਾ ਆ ਵੜਿਆ। ਮਸਾਫਰਾਂ ਨੇ ਬੁਰਾ ਮਨਾਇਆ। ਸਾਰੇ ਮੁਸਾਫਰ ਇਕ ਦਮ ਉਠ ਖਲੋਤੇ ਤੇ ਉਹ ਘੇਰੇ ਵਿੱਚ ਆ ਗਿਆ। ਉਸ ਨੂੰ ਕੱਢਣ ਲਈ ਪੈਟਰੀ ਅਗਾਂਹ ਵਧਿਆ ਤੇ ਹੋਰ ਅਫਸਰ ਵੀ ਉਦਾਲੇ ਜਾ ਹੋਏ। ਈਸਟਵੁੱਡ ਦੀ ਸੋਟੀ ਮੁਸਾਫਰਾਂ ਵਿੱਚੋਂ ਕਿਸੇ (ਸ੍ਰੀ ਟਹਿਲ ਸਿੰਘ ਰਾਣੀ ਵਲਾਹ ਅੰਮ੍ਰਿਤਸਰ) ਨੇ ਖੋਹ ਲਈ। ਉਸ ਨੇ ਪਿਸਤੌਲ ਕੱਢ ਲਿਆ ਤੇ ਦੋ ਗਲੀਆਂ ਚਲਾਈਆਂ। ਇਕ ਹਰਨਾਮ ਸਿੰਘ ਗੁਜ਼ਰਵਾਲ ਦੀ ਪੱਗ ਵਿੱਚ ਤੇ ਦੂਸਰੀ ਠਾਕਰ ਸਿੰਘ ਉਦੋਨੰਗਲ (ਅੰਮ੍ਰਿਤਸਰ) ਦੀ ਬਾਂਹ ਵਿੱਚ ਲੱਗ ਗਈ। ਫੇਰ ਕੀ ਸੀ, ਮੁਸਾਫਰਾਂ ਵੀ ਜਿਨ੍ਹਾਂ ਦੋ ਤਿੰਨਾਂ ਪਾਸ ਪਿਸਤੌਲ ਲੁਕਾਏ ਹੋਏ ਸਨ, ਕੱਢ ਲਏ। ਗੋਲੀਆਂ ਚਲਣ ਲੱਗ ਪਈਆਂ। ਈਸਟਵੁੱਡ ਤਾਂ ਮੁਨਸ਼ਾ ਸਿੰਘ (ਅੰਬਾਲਾ) ਨੇ ਗੋਲੀ ਨਾਲ ਫੁੰਡ ਕੇ ਉਥੇ ਸੁਟ ਲਿਆ, ਪੈਟਰੀ ਵੀ ਪੱਟ ਵਿੱਚ ਗੋਲੀ ਖਾ ਕੇ ਡਿੱਗ ਪਿਆ। ਪੁਲਸ ਤੇ ਅਫਸਰ ਭੱਜ ਕੇ ਲਾਂਭੇ ਹੋ ਗਏ। ਫੌਜ ਪਹਿਲਾਂ ਹੀ ਜੰਗਲੇ ਤੋਂ ਪਾਰ ਪਲੇਟਫਾਰਮ ਉੱਤੇ ਰਫਲਾਂ ਸੂਤੀ ਤਿਆਰ ਖੜੀ ਸੀ। ਪੁਲਸ ਦੇ ਲਾਂਭੇ ਹੁੰਦਿਆਂ ਹੀ ਉਸ ਨੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਗੋਲੀ ਆਉਂਦੀ ਦੇਖ ਮੁਸਾਫਰ ਨੱਠੇ ਨਹੀਂ ਸਗੋਂ ਫੇਰ ਪੁਲਿਸ ਨੂੰ ਟੁੱਟ ਕੇ ਪੈ ਗਏ ਤੇ ਪੰਜਾਬ ਪੁਲਿਸ ਦੀਆਂ ਤਲਵਾਰਾਂ ਤੇ ਗੋਰਾ ਪੁਲਸ ਦੇ ਡੰਡੇ ਖੋਹ ਕੇ ਅਫਸਰਾਂ ਤੇ ਪੁਲਸ ਨੂੰ ਚੰਗਾ ਠੱਪਿਆ ਤੇ ਕਈਆਂ ਦੇ ਆਹੂ ਲਾਹੇ ਤੇ ਦੋ ਤਿੰਨ ਹੱਲਿਆਂ ਤੋਂ ਬਾਅਦ ਭੱਜ ਕੇ ਹੱਟੀਆਂ ਨੂੰ ਜਾ ਵੜੇ। ਗੋਲੀਆਂ ਹੱਟੀਆਂ ਨੂੰ ਆਉਣੀਆਂ ਸ਼ੁਰੂ ਹੋ ਗਈਆਂ।

ਮੋਏ ਤੇ ਜ਼ਖ਼ਮੀ ਪੁਲਸੀਏ ਤੇ ਅਫਸਰ ਤਾਂ ਸਾਂਭ ਲਏ ਗਏ, ਪਰ ਸ਼ਹੀਦ ਤੇ ਜ਼ਖ਼ਮੀ ਮੁਸਾਫਰਾਂ ਨੂੰ ਕਿਸੇ ਨਾ ਚੁੱਕਿਆ। ਰਾਤ 29 ਮੁਸਾਫ਼ਰ ਗ੍ਰਿਫ਼ਤਾਰ ਕੀਤੇ ਗਏ। ਜਿਨ੍ਹਾਂ ਵਿੱਚੋਂ ਸੱਤ ਹਸਪਤਾਲ ਪੁਚਾਏ ਗਏ, ਦੋ ਹਿਲਾਉਣ ਜੋਗੇ ਨਹੀਂ ਸਨ। ਸਵੇਰੇ 17 ਲਾਸ਼ਾਂ

ਮਿਲੀਆਂ। ਇਹਨਾਂ ਵਿੱਚੋਂ ਇਕ ਬੰਗਾਲੀ ਦੁਕਾਨਦਾਰ ਸੀ, ਜੋ ਦੁਕਾਨ ਵਿਚ ਬੈਠਾ ਹੀ ਗੋਲੀ ਨਾਲ ਮਾਰ ਸੁੱਟਿਆ ਗਿਆ। ਮੁਸਾਫਰਾਂ ਦੀਆਂ 'ਯਾਰਾਂ' ਲਾਸ਼ਾਂ ਦੁਕਾਨਾਂ ਦੇ ਪਾਸੋਂ ਲੱਭੀਆਂ। ਦੋ ਪਰ੍ਹੇ ਛਪੜ ਲਾਗੇ ਪਈਆਂ ਸਨ। ਇਕ ਦਰਿਆ ਵਲ ਤੇ ਇਕ ਹੋਰ ਦਰਿਆ ਦੇ ਕੰਢਿਉਂ ਲੱਭੀ। ਇਕ ਜ਼ਖ਼ਮੀ ਮੁਸਾਫਰ ਹਸਪਤਾਲ ਜਾ ਕੇ ਮਰ ਗਿਆ। ਅਗਲੇ ਦਿਨ 9 ਜ਼ਖਮੀ ਹਸਪਤਾਲ ਵਿਚ ਸਨ, 10 ਜੇਲ੍ਹ ਦੇ ਹਸਪਤਾਲ ਵਿੱਚ ਤੇ 72 ਜੇਲ੍ਹ ਵਿੱਚ ਡੱਕੇ ਹੋਏ ਸਨ। ਇਕ ਲਾਸ਼ ਡੁੱਬੀ ਹੋਈ ਦਰਿਆ ਵਿੱਚੋਂ ਲੱਭੀ। ਆਖ਼ਰੀ ਅੰਦਾਜ਼ੇ ਮੁਜਬ ਅੰਗਰੇਜ਼ੀ ਸਾਮਰਾਜੀ ਗੋਲੀਆਂ ਨੇ 19 ਮੁਸਾਫ਼ਰ ਸ਼ਹੀਦ ਕਰ ਸੁੱਟੇ ਤੇ ਦੋ ਬਾਹਰਲੇ ਬੰਦੇ ਮਾਰ ਦਿੱਤੇ, 21 ਮੁਸਾਫਰ ਤੇ ਇਕ ਬਾਹਰਲਾ ਆਦਮੀ ਜ਼ਖ਼ਮੀ ਕੀਤਾ। ਮੁਸਾਫਰਾਂ ਨੇ ਵੀ ਦੋ ਅਫਸਰ ਜਾਨੋਂ ਮੁਕਾਏ ਤੇ ਗਿਆਰਾਂ ਅਫਸਰ ਤੇ ਸਿਪਾਹੀ ਜ਼ਖ਼ਮੀ ਕੀਤੇ, ਜਿਨ੍ਹਾਂ ਵਿੱਚੋਂ 6 ਗੋਰੇ ਤੇ 5 ਪੰਜਾਬੀ ਸਨ। ਦੋ ਪੰਜਾਬ ਦੇ ਪੁਲਸੀਏ ਜਾਨਾਂ ਗਵਾ ਗਏ।

ਕਾਮਾਗਾਟਾਮਾਰੂ ਇਨਕਵਾਇਰੀ ਕਮੇਟੀ ਨੇ ਪੈਰ੍ਹਾ 47 ਵਿਚ ਮੁਸਾਫਰਾਂ ਵਿੱਚੋਂ 13 ਜਣਿਆਂ ਦੀ ਫਰਿਸਤ ਲਿਖੀ ਹੈ, ਜੋ ਮੁਸਾਫਰਾਂ ਦੇ ਲੀਡਰ ਸਨ, ਜਿਨ੍ਹਾਂ ਵਿੱਚੋਂ 8 ਤਾਂ ਨੋਟ ਨੰਬਰ 6 ਵਿੱਚ ਵਰਨਣ ਕੀਤੇ ਗਏ ਹਨ। ਦੋ ਕੇਹਰ ਸਿੰਘ ਸਪੁਤਰ ਝੰਡਾ ਸਿੰਘ ਘੋਮੋਆਣਾ, ਫਰੀਦਕੋਟ ਰਿਆਸਤ ਤੇ ਟਹਿਲ ਸਿੰਘ ਸਪੁੱਤਰ ਗੰਡਾ ਸਿੰਘ ਰਾਣੀ ਵਲਾਹ (ਅੰਮ੍ਰਿਤਸਰ) ਨੂੰ ਮੋਏ ਹੋਏ ਮਨ ਲਿਆ ਗਿਆ ਹੈ।

ਅਖੀਰ ਪੋਜ਼ਸ਼ਨ ਇਹ ਸੀ ਕਿ 24 ਅਕਤੂਬਰ 1914 ਤੱਕ ਬੰਗਾਲ ਗਵਰਨਰ ਦੇ ਹੁਕਮ ਨਾਲ 321 ਵਿੱਚੋਂ 203 ਮੁਸਾਫਰ ਅਲੀਪੁਰ ਜੇਲ੍ਹ ਵਿੱਚ ਹਿੰਦ ਵਿੱਚ ਦਾਖਲੇ ਦੇ 1914 ਵਾਲੇ ਫਰਮਾਨ ਦੀ ਦਫ਼ਾ 2 ਹੇਠਾਂ ਬੰਦ ਸਨ ਤੇ 8 ਮੈਡੀਕਲ ਕਾਲਜ ਹਸਪਤਾਲ ਵਿੱਚ। 19 ਮਾਰ ਕੇ ਸ਼ਹੀਦ ਕਰ ਦਿੱਤੇ ਗਏ ਸਨ। 59 ਗੱਡੀ ਚੜ੍ਹ ਗਏ। ਬਾਕੀ 32ਆਂ ਨੂੰ ਭਗੌੜੇ ਆਖ ਦਿੱਤਾ ਗਿਆ। ਗੌਰਮਿੰਟ ਹਿੰਦ ਦਾ ਸਕੱਤਰ ਵੀਲਰ 30 ਰੂਪੋਸ਼ ਹੋਇਆਂ ਦੀ ਫਰਿਸਤ ਪੇਸ਼ ਕਰਦਾ ਹੈ ਤੇ ਲਿਖਦਾ ਹੈ ਕਿ ਇਹਨਾਂ ਵਿੱਚ ਦੋ ਮਾਰ ਕੇ ਸ਼ਹੀਦ ਕੀਤੇ ਹੋਏ ਮੁਸਾਫਰ ਵੀ ਹਨ, ਜਿਨ੍ਹਾਂ ਦੇ ਨਾਂ ਥਹੁ ਦਾ ਅਜੇ ਪਤਾ ਨਹੀਂ ਲੱਗਾ। ਇਹਨਾਂ 30ਆਂ ਵਿੱਚੋਂ ਮਨਾ ਸਿੰਘ ਤੇ ਗੂਨਾ ਜਿਊਣ ਸਿੰਘ ਬਾਅਦ ਵਿੱਚ ਪੰਜਾਬੋਂ ਫੜ੍ਹੇ ਗਏ।

ਕੁਝ ਮਹੀਨਿਆਂ ਬਾਅਦ ਸਵਾਏ 31 ਮੁਸਾਫਰਾਂ ਤੋਂ ਜਿਨ੍ਹਾਂ ਬਾਰੇ ਪੰਜਾਬ ਸਰਕਾਰ ਨੇ ਜੇਲ੍ਹ ਬੰਦ ਰੱਖਣ ਲਈ ਲਿਖਿਆ ਸੀ, ਬਾਕੀ ਸਭ ਰਿਹਾ ਕਰ ਦਿੱਤੇ ਗਏ। ਜਾਪਾਨ ਤੋਂ ਆਏ ਦੋ ਸਿੰਧੀ ਭਰਾ ਜਵਾਰ ਮਲ, ਨਾਰਾਇਣ ਦਾਸ ਬੰਬਈ ਸਰਕਾਰ ਨੇ ਜੇਲ੍ਹ ਵਿੱਚ ਬੰਦ ਕਰ ਦਿੱਤੇ।

ਇਸ ਜ਼ੁਲਮ ਦੇ ਖਿਲਾਫ ਕਾਂਗਰਸ ਨੇ ਬਤੌਰ ਜਮਾਤ ਦੇ ਮੂੰਹ ਨਹੀਂ ਖੋਲ੍ਹਿਆ, ਮਤਾਂ ਅੰਗਰੇਜ਼ੀ ਰਾਜ ਉਸ ਨਾਲ ਨਾਰਾਜ਼ ਹੋ ਜਾਏ। ਉਹ ਤਾਂ ਉਸ ਤੋਂ ਉਤਲੀਆਂ ਜਮਾਤਾਂ ਵਾਸਤੇ ਨਵੀਆਂ ਆਰਥਿਕ ਤੇ ਸਿਆਸੀ ਰਿਆਇਤਾਂ ਦੀ ਹਿਰਸ ਲਾਈ ਫਿਰਦੀ ਸੀ ਤੇ ਇਸ ਤਮਾਂਅ ਵਿੱਚ ਅੰਗਰੇਜ਼ੀ ਰਾਜ ਦੀ ਛਿੜ ਪਈ ਹੋਏ ਜੰਗ ਵਿਚ ਬੀਬੇ ਆਗਿਆਕਾਰਾਂ ਵਾਂਗ ਸਹਾਇਤਾ ਅਤੇ ਸੇਵਾ ਕਰ ਰਹੀ ਸੀ।

ਪਰ ਬਜ ਬਜ ਘਾਟ ਉਤੇ ਮੁਸਾਫਰਾਂ ਦੇ ਇਸ ਕਤਲ ਦਾ ਦੇਸ਼ ਤੇ ਪ੍ਰਦੇਸ ਵਿਚ ਬਹੁਤ ਰੌਲਾ ਪੈ ਗਿਆ। ਪੰਜਾਬ ਵਿੱਚ ਤਾਂ ਬਹੁਤ ਹਾਹਾਕਾਰ ਮਚੀ।

"ਆਮ ਰਾਏ ਇਹ ਸੀ ਕਿ ਮੁਸਾਫਰਾਂ ਨਾਲ ਕੈਨੇਡਾ ਅਤੇ ਰਾਹ ਵਿੱਚ ਪਹਿਲਾਂ ਹੀ ਬਹੁਤ ਬੇਇਨਸਾਫੀ ਤੇ ਧੱਕਾ ਹੋਇਆ ਸੀ, ਉਹਨਾਂ ਨੂੰ ਘਰੀਂ ਜਾਣ ਦੇਣਾ ਚਾਹੀਦਾ ਸੀ। ਕਈ ਸਿੱਖ ਤਾਂ ਫਸਾਦੀਆਂ (ਮੁਸਾਫਰਾਂ) ਦਾ ਪਖ ਪੂਰਦੇ ਸਨ। ਪਰ ਕਲਕੱਤੇ ਹੈਰੀਸਨ ਗੁਰਦੁਆਰੇ ਵਿੱਚ ਹੋਏ ਸਿੱਖ ਦਿਵਾਨ ਨੇ ਫਸਾਦੀਆਂ ਦੀ ਪੰਥ ਵੱਲੋਂ ਨਿੰਦਿਆ ਕੀਤੀ, ਸੁੰਦਰ ਲਾਲ ਮਿਸਰ ਆਨਰੇਰੀ ਮੈਜਿਸਟਰੇਟ, ਨਥਾ ਸਿੰਘ ਗ੍ਰੰਥੀ, ਨਿਹਾਲ ਸਿੰਘ ਦਲਾਲ ਤੇ ਪੰਡਤ ਅਮਰ ਨਾਥ ਸ਼ਰਮਾ ਇਸ ਨਿੰਦਿਆ ਕਰਨ ਵਾਲੇ ਦੀਵਾਨ ਦੇ ਮੋਢੀ ਸਨ।

---